A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar

Vol: 11 No: 245 Website : www.punjabiakhbaar.ca EmaiÍ: editor@punjabiakhbaar.ca Friday, 7 June 2024

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253


# ਪੰਜਾਬ ਵਿੱਚ ਕਾਂਗਰਸ ਵੱਲੋਂ ਸ਼ਾਨਦਾਰ ਪ੍ਰਦਰਸ਼ਨ 7 ਸੀਟਾਂ ਜਿੱਤੀਆਂ, ਆਪ 3 ਤਿੰਨ ਸੀਟਾਂ ਹੀ ਜਿੱਤ ਸਕੀ

## ਅਕਾਲੀ ਦਲ ਨੇ ਬਠਿੰਡਾ ਸੀਟ ਜਿੱਤ ਕੇ ਆਪਣੀ ਹੋਂਦ ਬਚਾਈ









ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਚੋਣ ਕਮਿਸ਼ਨ ਦੇ ਰੁਝਾਨਾਂ ਜਾਂ ਨਤੀਜ?ਆ ਮੁਤਾਬਕ ਪੰਜਾਬ ਵਿੱਚ ਕਾਂਗਰਸ ਦੀ ਕਾਰਗੁਜ਼ਾਰੀ ਸਭ ਤੋਂ ਸ਼ਾਨਦਾਰ ਰਹੀ ਹੈ। ਸੱਤ ਸੀਟਾਂ ਉੱਤੇ ਉਹ ਜਿੱਤ ਗਈ ਹੈ ਜਦੋਂ ਕਿ 'ਆਪ' ਨੇ ਤਿੰਨ ਸੀਟਾਂ ਉੱਤੇ ਜਿੱਤ ਹਾਸਲ ਕੀਤੀ ਹੈ। ਆਜ਼ਾਦ ਉਮੀਦਵਾਰ ਵੱਜੋਂ ਅੰਮ੍ਰਿਤਪਾਲ ਸਿੰਘ, ਸਰਬਜੀਤ ਸਿੰਘ, ਕਾਂਗਰਸ ਦੇ ਉਮੀਦਵਾਰ ਅੰਮ੍ਰਿਤਸਰ, ਜਲੰਧਰ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਪਟਿਆਲਾ ਅਤੇ ਲੁਧਿਆਣਾ ਸੀਟਾਂ ਤੋਂ ਜਿੱਤ ਹਾਸਲ ਕੀਤੀ ਅਤੇ 'ਆਪ' ਹੁਸ਼ਿਆਰਪੁਰ, ਸੰਗਰੂਰ ਅਤੇ ਆਨੰਦਪੁਰ ਸਾਹਿਬ ਦੀਆਂ ਸੀਟਾਂ ਜਿੱਤੀਆਂ। ਗੁਰਦਾਸਪੁਰ ਸੀਟ ਤੋਂ ਕਾਂਗਰਸ ਪਾਰਟੀ ਦੇ ਸੁਖਜਿੰਦਰ ਰੰਧਾਵਾ, ਜੋ ਕਿ ਸਾਬਕਾ ਉਪ ਮੁੱਖ ਮੰਤਰੀ ਹਨ, ਆਪਣੇ ਨੇੜਲੇ ਵਿਰੋਧੀ ਭਾਜਪਾ ਦੇ ਦਿਨੇਸ਼ ਸਿੰਘ ਬੱਬੂ 83012 ਦੇ ਫ਼ਰਕ ਨਾਲ ਹਰਾਇਆ। ਅੰਮ੍ਰਿਤਸਰ ਤੋਂ ਕਾਂਗਰਸ ਦੇ ਉਮੀਦਵਾਰ ਗੁਰਜੀਤ ਸਿੰਘ ਔਜਲਾ ਆਪਣੇ ਨਜ਼ਦੀਕੀ ਵਿਰੋਧੀ ਅਤੇ ਆਪ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਨੂੰ 40146 ਵੋਟਾਂ ਨਾਲ ਹਰਾਇਆ। ਇੱਥੋਂ ਭਾਜਪਾ ਦੇ ਤਰਨਜੀਤ ਸਿੰਘ ਸੰਧੂ ਖੜ੍ਹੇ ਸਨ। ਕਾਂਗਰਸ ਦੇ ਉਮੀਦਵਾਰ ਅਮਰ ਸਿੰਘ, ਜੋ ਮੌਜੂਦਾ ਸੰਸਦ ਮੈਂਬਰ ਹਨ, ਫਤਿਹਗੜ੍ਹ ਸਾਹਿਬ ਤੋਂ ਵੀ ਆਪ ਦੇ ਗੁਰਪ੍ਰੀਤ ਸਿੰਘ ਜੀਪੀ ਨੂੰ 83012 ਦੇ ਫ਼ਰਕ ਨਾਲ ਹਰਾਇਆ। ਜਲੰਧਰ ਰਿਜ਼ਰਵ ਹਲਕੇ ਤੋਂ ਕਾਂਗਰਸ ਪਾਰਟੀ ਦੇ ਚਰਨਜੀਤ ਸਿੰਘ ਚੰਨੀ ਆਪਣੇ ਨੇੜਲੇ ਵਿਰੋਧੀ ਅਤੇ ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨੂੰ 175993 ਵੋਟਾਂ ਦੇ ਫ਼ਰਕ ਨਾਲ ਹਰਾਇਆ। ਲੁਧਿਆਣਾ ਤੋਂ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਭਾਜਪਾ ਦੇ ਰਵਨੀਤ ਸਿੰਘ ਬਿੱਟੂ ਨੂੰ 120942 ਵੋਟਾਂ ਦੇ ਫਰਕ ਨਾਲ ਹਰਾਇਆ। ਹੁਸ਼ਿਆਰਪੁਰ ਤੋਂ 'ਆਪ' ਦੇ ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਦੀ ਯਾਮਿਨੀ ਗੋਮਰ ਨੂੰ 44111ਵੋਟਾਂ ਦੇ ਫਰਕ ਨਾਲ ਹਰਾਇਆ ਜਦਕਿ ਆਨੰਦਪੁਰ ਸਾਹਿਬ ਤੋਂ 'ਆਪ' ਦੇ ਮਾਲਵਿੰਦਰ ਸਿੰਘ ਕੰਗ ਨੇ ਕਾਂਗਰਸ ਪਾਰਟੀ ਦੇ ਵਿਜੇ ਇੰਦਰ ਸਿੰਗਲਾ ਨੂੰ 10827 ਵੋਟਾਂ ਦੇ ਫਰਕ ਨਾਲ ਹਰਾਇਆ। ਸੰਗਰੂਰ ਸੀਟ 'ਤੇ 'ਆਪ' ਦੇ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਚੰਗੀ ਕਾਰਗੁਜ਼ਾਰੀ ਦਿਖਾਈ। ਉਹ ਸੁਖਪਾਲ ਸਿੰਘ ਖਹਿਰਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਤੋਂ ਅੱਗੇ ਨਿਕਲ ਗਏ। ਮੀਤ ਹੇਅਰ ਨੇ ਖਹਿਰਾ ਨੂੰ 172560 ਵੋਟਾਂ ਦੇ ਫ਼ਰਕ ਨਾਲ ਹਰਾਇਆ। ਤਿੰਨ ਵਾਰ ਸੰਸਦ ਮੈਂਬਰ ਰਹਿ ਚੁੱਕੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੇ ਬਠਿੰਡਾ ਸੀਟ ਤੋਂ 'ਆਪ' ਦੇ ਗੁਰਮੀਤ ਸਿੰਘ ਖੁੱਡੀਆਂ ਨੂੰ ਲੱਗਪੱਗ 50000 ਦੇ ਫਰਕ ਨਾਲ ਹਰਾਇਆ। ਹਲਕਾ ਫ਼ਿਰੋਜ਼ਪੁਰ ਤੋਂ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੂੰ 266626 ਵੋਟਾਂ ਮਿਲੀਆਂ ਜਦਕਿ ਆਪ ਦੇ ਜਗਦੀਪ ਸਿੰਘ ਬਰਾੜ ਨੂੰ 263384 ਮਿਲੀਆਂ। ਇਸ ਤਰ੍ਹਾਂ ਘੁਬਾਇਆ ਨੇ ਬਰਾੜ ਨੂੰ 3242 ਨਾਲ ਹਰਾਇਆ। ਆਜ਼ਾਦ ਉਮੀਦਵਾਰ ਵੱਜੋਂ ਚੋਣ ਲੜਨ ਵਾਲੇ ਕੱਟੜਪੰਥੀ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਸੀਟ ਤੋਂ ਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ ਨੂੰ 196058 ਵੋਟਾਂ ਦੇ ਫਰਕ ਨਾਲ ਹਰਾਇਆ। ਆਜ਼ਾਦ ਉਮੀਦਵਾਰ ਵੱਜੋਂ ਚੋਣ ਲੜਨ ਵਾਲੇ ਸਰਬਜੀਤ ਸਿੰਘ ਖਾਲਸਾ ਫਰੀਦਕੋਟ ਤੋਂ ਆਪਣੇ ਨੇੜਲੇ ਵਿਰੋਧੀ 'ਆਪ' ਦੇ ਕਰਮਜੀਤ ਸਿੰਘ ਅਨਮੋਲ ਨੂੰ 70276 ਵੋਟਾਂ ਦੇ ਫਰਕ ਨਾਲ ਹਰਾਇਆ।

# ਟਰੰਪ ਨੇ ਉਨ੍ਹਾਂ ਖ਼ਿਲਾਫ਼ ਫ਼ੈਸਲਾ ਸੁਣਾਉਣ ਵਾਲੇ ਜੱਜ ਉੱਪਰ ਭ੍ਰਿਸ਼ਟ ਹੋਣ ਦੇ ਦੋਸ਼ ਲਗਾਏ ਹਨ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਡੋਨਾਲਡ ਟਰੰਪ ਨੂੰ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਗੁਪਤ ਤਰੀਕੇ ਨਾਲ ਪੈਸੇ ਦੇਣ ਦੇ ਮਾਮਲੇ 'ਚ ਰਿਕਾਰਡ 'ਚ ਹੇਰਾਫੇਰੀ ਕਰਨ ਦੇ 34 ਦੋਸ਼ਾਂ 'ਚ ਦੋਸ਼ੀ ਕਰਾਰ ਦਿੱਤਾ ਗਿਆ। ਇਸ ਨਾਲ ਉਹ ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਕਰਾਰ ਦਿੱਤੇ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ। ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਦੀ ਚੋਣ ਮੁਹਿੰਮ ਟੀਮ ਨੇ ਕਿਹਾ ਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ, ਜਦੋਂ ਕਿ ਟਰੰਪ ਨੇ ਕਿਹਾ ਕਿ ਇਹ ਫੈਸਲਾ ਗਲਤ ਸਿਆਸੀ ਪ੍ਰਣਾਲੀ ਦਾ ਨਤੀਜਾ ਹੈ। ਇੱਕ ਵਿਸ਼ੇਸ਼ ਪੱਤਰਕਾਰ ਸੰਮੇਲਨ ਵਿੱਚ ਟਰੰਪ ਨੇ ਜੱਜ ਉੱਪਰ ਪੱਖਪਾਤੀ ਅਤੇ ਭ੍ਰਿਸ਼ਟ ਹੋਣ ਦੇ ਦੋਸ਼ ਲਗਾਉਂਦਿਆਂ ਦੂਜੇ ਦੇਸ਼ਾਂ ਤੋਂ ਆ ਰਹੇ ਪ੍ਰਵਾਸੀਆਂ ਉੱਪਰ ਵੀ ਨਿਸ਼ਾਨਾ ਸਾਧਿਆ। ਅਮਰੀਕਾ 'ਚ ਆ ਰਹੇ ਅਪਰਾਧੀ ਕਿਸਮ ਦੇ ਲੋਕਾਂ ਕਾਰਨ ਅਮਰੀਕਾ ਦਾ ਪੂਰਾ ਢਾਂਚਾ ਵਿਗੜ ਗਿਆ ਹੈ ਅਤੇ ਇਸ ਦਾ ਬੋਝ ਅਮਰੀਕਾ ਦੇ ਆਮ ਲੋਕਾਂ ਉੱਪਰ ਪੈ ਰਿਹਾ ਹੈ।

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St.
Winnipeg, MB, R2R 2V1
P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
•Pizza and Indian Food
•Indian Sweets
•Tiffin Service
•Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB
Regulated Canadian Immigration Consultant
• Student Visa
• Work permit
• Visitor Visa
• LMIA
• PR Application
• Refugee Cases and Appeals
• PNP Family Sponsorship
• Citizenship
• Nanny Caregiver
• USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr
NE Calgary AB T3J 3Z5

Need an expert advice to find the mortgage that's right for you !
New to Canada
Purchase
Refinance
Home line of credit
Rental
Life insurance
Raj Mudhar
Mortgage Advisor
204.963.9481
raj.mudhar@vinegroup.ca
VINE GROUP MORTGAGE BROKERAGE

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com


CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE
NE CALGARY, AB T3J 4L4




## ਅਲਬਰਟਾ ਦੇ ਸਭ ਤੋਂ ਵਧੀਆ ਸਹਿਰਾਂ ਵਿੱਚੋਂ ਇੱਕ ਚੈਸਟਰਮੀਅਰ ਸ਼ਹਿਰ ਵਿਖੇ ਲੋਕਾਂ ਦੀ ਪਹਿਲੀ ਪਸੰਦ Chelsea ਕਮਿਓਨਿਟੀ ਵਿੱਚ

# ਮਹਿਲਾਂ ਵਰਗੇ ਘਰ ਅੰਦਰ ਰਹਿਣ ਦਾ ਸੁਪਨਾ ਪੂਰਾ ਕਰੋ










## ਸਭ ਤੋਂ ਵੱਡੀਆਂ ਇਸਟੇਟ ਲਾਟਾਂ ਵਿੱਚੋਂ ਇੱਕ ਲਾਟ ਉੱਪਰ ਬਣਿਆ ਤੁਹਾਡੇ ਸੁਪਨਿਆਂ ਦਾ ਘਰ ਵਿਕਾਊ ਹੈ






## ਪਰੌਫੈਸ਼ਨਲੀ ਲੈਂਡਸਕੇਪਡ

## 7 ਰੂਮ, 3300+ SQFT

ਮੇਨ ਫਲੋਰ ਮਾਸਟਰ ਬੈੱਡਰੂਮ/ਆਫਿਸ,
2 ਮਾਸਟਰ ਬੈੱਡਰੂਮ ਸੈਕਿੰਡ ਫਲੋਰ
5 1/2 ਵਾਸ਼ਰੂਮ

- ਫੁੱਲੀ ਫਨਿਸ਼ਡ ਵਾਕਆਊਟ ਬੇਸਮੈਂਟ
- 3 ਗੈਰਾਜ, ਅੱਪਗਰੇਡਿਡ ਫਿਨਿਸ਼ਿੰਗ, ਬਿਲਟਿਇਨਸ, ਐਪਲਾਂਇਸਸ
- ਬੈਕਯਾਰਡ ਖੁੱਲੀਆਂ ਗਰਾਊਂਡਾਂ ਨਾਲ ਲੱਗਦਾ ਹੈ



## ਕੀਮਤ ਸਿਰਫ: $1,430,000 ਡਾਲਰ

ਸੰਪਰਕ:
# ਸੁਖਬੀਰ ਸੰਧੂ
## 403-371-4000

eXp REALTY



ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

The Punjabi Newspaper

ਪੰਜਾਬੀ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar

ਤੁਸੀ ਆਪਣੇ
ਬਿਜਨਸ ਦੀ
ਐਡ ਇਸ ਥਾਂ
'ਤੇ ਲਗਵਾ
ਸਕਦੇ ਹੋ

Vol: 11 No: 245 Website : www.punjabiakhbaar.ca Email: editor@punjabiakhbaar.ca Friday, 7 June 2024

## ਯਹੂਦੀਆਂ ਉੱਪਰ ਹਮਲਿਆਂ ਨੂੰ ਬਰਦਾਸਤ ਨਹੀਂ ਕੀਤਾ ਜਾ ਸਕਦਾ -ਟਰੂਡੋ

ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਅਤੇ ਮਾਂਟਰੀਅਲ ਦੇ ਯਹੂਦੀ ਸਕੂਲਾਂ 'ਤੇ ਹੋਏ ਹਮਲਿਆਂ ਉਪਰੰਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੋਵਾਂ ਨੇ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਵਰਣਨਯੋਗ ਹੈ ਮਾਂਟਰੀਅਲ ਵਿੱਚ ਇੱਕ ਯਹੂਦੀ ਸਕੂਲ ਉੱਪਰ ਬੀਤੇ ਦਿਨ ਗੋਲੀਬਾਰੀ ਹੋਈ ਅਤੇ ਬੀਤੇ ਵੀਕਐਂਡ 'ਤੇ ਟੋਰਾਂਟੋ ਵਿੱਚ ਇੱਕ ਆਲ-ਗਰਲਜ਼ ਯਹੂਦੀ ਸਕੂਲ ਵਿੱਚ ਇਸੇ ਤਰ੍ਹਾਂ ਦੀ ਗੋਲੀਬਾਰੀ ਹੋਈ ਸੀ। ਦੋਵਾਂ ਘਟਨਾਵਾਂ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ। ਹਾਲਾਂਕਿ ਦੋਵਾਂ ਸ਼ਹਿਰਾਂ ਵਿੱਚ ਜਾਂਚਕਰਤਾ ਨਿਸ਼ਚਤ ਤੌਰ 'ਤੇ ਇਸ ਸਿੱਟੇ 'ਤੇ ਅਜੇ ਨਹੀਂ ਪੁੱਜੇ ਕਿ ਇਹ ਘਟਨਾਵਾਂ ਨਫ਼ਰਤ ਨਾਲ ਸਬੰਧਤ ਸਨ। ਡਗ ਫੋਰਡ ਨੇ ਕਿਹਾ ਅਜਿਹੇ ਹਮਲੇ ਕਰਨ ਵਾਲੇ ਲੋਕਾਂ ਨੂੰ ਫੜ੍ਹ ਕੇ ਜੇਲ੍ਹ ਵਿੱਚ ਸੁੱਟਣ ਦੀ ਲੋੜ ਹੈ।"




## ਜਸਟਿਨ ਟਰੂਡੋ ਅਤੇ ਮੁੱਖ ਵਿਰੋਧੀ ਧਿਰ ਦੇ ਲੀਡਰ ਪੀਅਰੇ ਪੋਲੀਵਰ ਵਿੱਚਾਲੇ ਤਿੱਖੀ ਬਹਿਸ ਹੋਈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਦੌਰਾਨ ਮਹਿੰਗਾਈ ਦੇ ਮੁੱਦੇ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਵਿੱਚਾਲੇ ਤਿੱਖੀ ਬਹਿਸ ਹੋਈ ਪੋਲੀਵਰ ਵੱਲੋਂ ਲਿਬਰਲ ਸਰਕਾਰ ਉੱਪਰ ਦੋਸ਼ ਲਗਾਇਆ ਗਿਆ ਕਿ ਉਹਨਾਂ ਦੇ ਅਸੀਮਤ ਖਰਚਿਆਂ ਕਾਰਨ ਦੇਸ਼ ਚ ਆਮ ਲੋਕ ਮਹਿੰਗਾਈ ਦੀ ਮਾਰ ਹੇਠ ਆ ਗਏ ਹਨ ਇਸ ਤੇ ਜਵਾਬ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡਾ ਦੀ ਹਾਲਤ ਜੀ 7 ਦੇਸ਼ਾਂ ਵਿੱਚੋਂ ਸਭ ਤੋਂ ਵਧੀਆ ਹੈ ਅਤੇ ਰੇਟਿੰਗ ਏਜੰਸੀਆਂ ਵੱਲੋਂ ਕੈਨੇਡਾ ਦੀ ਆਰਥਿਕਤਾ ਨੂੰ ਟਰਿਪਲ ਏ ਰੇਟਿੰਗ ਦਿੱਤੀ ਗਈ ਹੈ ਉਹਨਾਂ ਆਖਿਆ ਕਿ ਸਾਡੀ ਸਰਕਾਰ ਦਾ ਧਿਆਨ ਦੇਸ਼ ਦੇ ਲੋਕਾਂ ਦੀ ਭਲਾਈ ਵੱਲ ਹੈ ਜਿਵੇਂ ਬੱਚਿਆਂ ਲਈ ਫੂਡ ਪ੍ਰੋਗਰਾਮ ,ਬਜ਼ੁਰਗਾਂ ਲਈ ਡੈਂਟਲ ਕੇਅਰ ਅਤੇ ਹਾਊਸਿੰਗ ਸਪੋਰਟ ਪ੍ਰੋਗਰਾਮ ਚਲਾਉਣੇ ਸ਼ਾਮਿਲ ਹਨ

## ਜ਼ਮੀਨ ਖਿਸਕਣ ਕਾਰਣ 2000 ਦੇ ਕਰੀਬ ਲੋਕ ਜ਼ਿੰਦਾ ਦਫਨ ਹੋਏ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਾਪੂਆ ਨਿਊ ਗਿਨੀ ਸਰਕਾਰ ਦੀਆਂ ਰਿਪੋਰਟਾਂ ਮੁਤਾਬਿਕ ਜ਼ਮੀਨ ਖਿਸਕਣ ਕਾਰਨ 2000 ਤੋਂ



ਜ਼ਿਆਦਾ ਲੋਕ ਜ਼ਿੰਦਾ ਦਫ਼ਨ' ਹੋ ਗਏ ਹਨ। ਸਰਕਾਰ ਨੇ ਕਿਹਾ ਕਿ ਉਸ ਨੇ ਰਾਹਤ ਕਾਰਜਾਂ ਲਈ ਰਸਮੀ ਤੌਰ 'ਤੇ ਕੌਮਾਂਤਰੀ ਮੱਦਦ ਮੰਗੀ ਹੈ। ਇਸ ਤੋਂ ਪਹਿਲਾਂ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (ਆਈ ਓ ਐਮ) ਨੇ ਪਾਪੂਆ ਨਿਊ ਗਿਨੀ 'ਚ ਜ਼ਮੀਨ ਖਿਸਕਣ ਕਾਰਨ 670 ਲੋਕਾਂ ਦੀ ਮੌਤ ਦਾ ਅਨੁਮਾਨ ਲਗਾਇਆ ਸੀ। ਸਰਕਾਰ ਦਾ ਇਹ ਅੰਕੜਾ ਸੰਯੁਕਤ ਰਾਸ਼ਟਰ ਦੀ ਏਜੰਸੀ ਨਾਲੋਂ ਲਗਭਗ ਤਿੰਨ ਗੁਣਾ ਹੈ। ਸੰਯੁਕਤ ਰਾਸ਼ਟਰ ਦੇ ਸਥਾਨਕ ਕੋਆਰਡੀਨੇਟਰ ਨੂੰ ਲਿਖੀ ਚਿੱਠੀ 'ਚ ਦਖਣੀ ਪ੍ਰਸ਼ਾਂਤ ਟਾਪੂ ਦੇਸ਼ ਲਈ ਕੌਮੀ ਆਫ਼ਤ ਕੇਂਦਰ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਜ਼ਮੀਨ ਖਿਸਕਣ ਨਾਲ 2,000 ਤੋਂ ਵੱਧ ਲੋਕ ਜ਼ਿੰਦਾ ਦੱਬ ਗਏ ਅਤੇ ਵੱਡੀ ਤਬਾਹੀ ਹੋਈ। ਜ਼ਮੀਨ ਖਿਸਕਣ ਤੋਂ ਬਾਅਦ ਮੌਤਾਂ ਦੇ ਅਨੁਮਾਨ ਵਿਆਪਕ ਤੌਰ 'ਤੇ ਵੱਖ-ਵੱਖ ਹਨ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਅਧਿਕਾਰੀਆਂ ਨੇ ਪੀੜਤਾਂ ਦੀ ਗਿਣਤੀ ਕਿਵੇਂ ਕੀਤੀ ਹੈ।

## ਜਸਟਿਨ ਟਰੂਡੋ ਨੇ ਵੈਕਸੀਨ ਉਤਪਾਦਨ ਪਲਾਂਟ ਖੋਲਣ ਦਾ ਐਲਾਨ ਕੀਤਾ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟੋਰਾਂਟੋ ਵਿੱਚ ਦੇਸ਼ ਦਾ ਸਭ ਤੋਂ ਵੱਡਾ ਵੈਕਸੀਨ ਉਤਪਾਦਨ ਪਲਾਂਟ ਖੋਲ੍ਹਣ ਦਾ ਐਲਾਨ ਕੀਤਾ ਹੈ ਜੋ ਕਿ ਕੋਵਿਡ-19 ਮਹਾਂਮਾਰੀ ਦੇ ਬਾਅਦ ਕੈਨੇਡਾ 'ਚ ਘਰੇਲੂ ਬਾਇਓ ਮੈਨੂਫੈਕਚਰਿੰਗ ਸੈਕਟਰ ਨੂੰ ਬਣਾਉਣ ਦਾ ਵੱਡਾ ਉਪਰਾਲਾ ਹੈ। ਸਨੋਫੀ ਦੇ ਇਸ ਪਲਾਂਟ ਵਿੱਚ ਵੱਖ ਵੱਖ ਦਵਾਈਆਂ ਘਰੇਲੂ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ। ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕੋਵਿਡ-19 ਮਹਾਂਮਾਰੀ ਦੇ ਦੌਰਾਨ, ਇਹ ਸਪੱਸ਼ਟ ਹੋ ਗਿਆ ਕਿ ਕੈਨੇਡਾ ਦੀ ਘਰੇਲੂ ਉਤਪਾਦਨ ਸਮਰੱਥਾ ਮਹਾਂਮਾਰੀ ਵਰਗੀ ਐਮਰਜੈਂਸੀ ਨਾਲ ਨਜਿੱਠਣ ਲਈ ਨਾਕਾਫ਼ੀ ਸੀ, ਜਿਸ ਨਾਲ ਕੈਨੇਡਾ ਨੂੰ ਇੰਪੋਰਟ ਕੀਤੇ ਟੀਕਿਆਂ 'ਤੇ ਨਿਰਭਰ ਹੋਣਾ ਪਿਆ।ਵਰਨਣਯੋਗ ਹੈ ਕਿ ਸਨੋਫੀ ਨੂੰ ਪਲਾਂਟ ਬਣਾਉਣ ਲਈ ਫੈਡਰਲ ਸਰਕਾਰ ਨੇ 415 ਮਿਲੀਅਨ ਡਾਲਰ ਅਤੇ ਓਨਟਾਰੀਓ ਸਰਕਾਰ ਕੋਲੋਂ 55 ਮਿਲੀਅਨ ਡਾਲਰ ਮਿਲੇ ਹਨ ਅਤੇ ਕੰਪਨੀ ਦਾ ਕਹਿਣਾ ਹੈ ਕਿ ਇਹ ਪਲਾਂਟ 2027 ਵਿੱਚ ਤਿਆਰ ਹੋ ਜਾਵੇਗਾ।

## ਮੈਂ ਆਪਣੇ ਆਖੇ ਬਚਨਾਂ 'ਤੇ ਪੂਰਾ ਕਾਇਮ ਹਾਂ - ਡਗ ਫੋਰਡ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨ ਓਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨੇ ਯਹੂਦੀ ਸਕੂਲਾਂ ਉੱਪਰ ਹਮਲੇ ਸਬੰਧੀ ਆਖਿਆ ਸੀ ਇਹਨਾਂ ਹਮਲਿਆਂ ਪਿੱਛੇ ਇਮੀਗਰੈਂਟਸ ਦਾ ਹੱਥ ਹੈ। ਉਸ ਤੋਂ ਬਾਅਦ ਪ੍ਰੀਮੀਅਰ ਦੀ ਕਈ ਪਾਸਿਓ ਆਲੋਚਨਾ ਵੀ ਹੋ ਰਹੀ ਹੈ।ਪਰ ਇਸ ਮੁੱਦੇ ਤੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਪ੍ਰੀਮੀਅਰ ਡਗਫੋਰਡ ਨੇ ਆਖਿਆ ਕਿ ਉਹ ਆਪਣੇ ਸ਼ਬਦਾਂ ਤੇ ਪੂਰੀ ਤਰ੍ਹਾਂ ਕਾਇਮ ਹਨ। ਉਹਨਾਂ ਆਖਿਆ ਕਿ ਮੈਂ ਉਹ ਪ੍ਰੀਮੀਅਰ ਹਾਂ ਜੋ ਵੱਧ ਤੋਂ ਵੱਧ ਇਮੀਗਰੈਂਟਸ ਨੂੰ ਇੱਥੇ ਲਿਆਉਣਾ ਚਾਹੁੰਦਾ ਹਾਂ, ਪਰ ਦੂਜੇ ਪਾਸੇ ਸਮੱਸਿਆ ਇਹ ਹੈ ਕਿ ਹਾਲਾਤ ਕਾਫੀ ਵਿਗੜ ਚੁੱਕੇ ਹਨ ਲੋਕਾਂ ਨੂੰ ਧਮਕੀਆਂ ਮਿਲ ਰਹੀਆਂ ਹਨ।


































# ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਮਾਂ ਦਿਵਸ ਮਨਾਇਆ ਗਿਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵਿਖੇ ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਬੀਤੇ ਦਿਨੀ ਆਪਣੇ 50 ਮੈਂਬਰਾਂ ਦੀ ਹਾਜ਼ਰੀ ਵਿੱਚ ਮਾਂ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰੇ ਆਏ ਹੋਏ ਸੰਸਥਾ ਦੇ ਮੈਂਬਰਾਂ ਨੂੰ ਜੀ ਆਇਆ ਨੂੰ ਆਖਿਆ। ਸੰਸਥਾ ਦੇ ਪੁਰਾਣੇ ਮੈਂਬਰ ਨਿਰੰਜਨ ਸਿੰਘ ਮਾਨ ਜੋ ਕਿ ਪਿਛਲੇ ਦਿਨੀ 86 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ ਹਨ ਅਤੇ ਉਘੇ ਕਵੀ ਪਦਮ ਸ਼੍ਰੀ ਸੁਰਜੀਤ ਪਾਤਰ ਦੇ ਵਿਛੋੜੇ ਦੀ ਸੋਗਮਈ ਖਬਰ ਨਾਲ ਅੱਜ ਦੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਮੈਂਬਰਾਂ ਵੱਲੋਂ ਵਿਛੜੇ ਸੱਜਣਾਂ ਲਈ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮਾਂ ਦਿਵਸ ਬਾਰੇ ਬੋਲਦਿਆਂ ਸੇਵਾ ਸਿੰਘ ਪ੍ਰੇਮੀ ਨੇ ਕਿਹਾ ਕਿ ਭਾਵੇਂ ਮਾਵਾਂ ਨੂੰ ਚੇਤੇ ਕਰਨ ਲਈ ਦੁਨੀਆਂ ਭਰ ਵਿੱਚ ਇਹ ਇੱਕ ਦਿਨ ਦਾ ਹੀ ਪ੍ਰੋਗਰਾਮ ਮਨਾਇਆ ਜਾਂਦਾ ਹੈ ਪਰ ਮੈਂ ਸਮਝਦਾ ਹਾਂ ਕਿ ਸਾਡਾ ਤਾਂ ਹਰ ਰੋਜ ਹੀ ਮਾਂ ਦਿਵਸ ਹੁੰਦਾ ਹੈ ਕਿਉਂਕਿ ਮਾਂ ਦਾ ਦੇਣ ਅਸੀਂ ਸਿਰਫ ਇੱਕ ਦਿਨ ਚੇਤੇ ਕਰਦਿਆਂ ਨਹੀਂ ਦੇ ਸਕਦੇ। ਮੰਚ ਉਪਰੋਂ ਬੋਲਣ ਵਾਲੇ ਬੁਲਾਰਿਆਂ ਵਿੱਚੋਂ ਕੇਸਰ ਸਿੰਘ ਨੀਰ, ਬਲਵਿੰਦਰ ਸਿੰਘ ਬਿਰਦੀ, ਕੁਲਦੀਪ ਕੌਰ ਨੀਰ, ਜਗਦੀਸ਼ ਕੌਰ ਸਰੋਇਆ, ਗੁਰਦਿਆਲ ਸਿੰਘ ਖਹਿਰਾ, ਹਰਚੰਦ ਸਿੰਘ, ਸਤਵਿੰਦਰ ਕੌਰ, ਜਰਨੈਲ ਤੱਗੜ ਹੋਰਾਂ ਨੇ ਮਾਂ ਦਿਵਸ ਅਤੇ ਵਿਛੜੇ ਕਵੀ ਡਾਕਟਰ ਸੁਰਜੀਤ ਪਾਤਰ ਨੂੰ ਚੇਤੇ ਕੀਤਾ।

# ਰੋਇਲ ਵੋਮੈਨ ਕਲਚਰਲ ਐਸੋਸੀਏਸ਼ਨ ਅਤੇ ਵਾਓ ਵਰਲਡ ਆਫ ਵੂਮੈਨ ਵੱਲੋਂ ਮਾਂ ਦਿਵਸ ਮਨਾਇਆ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਰੋਇਲ ਵਮਨ ਕਲਚਰਲ ਐਸੋਸੀਏਸ਼ਨ ਅਤੇ ਵਾਓ ਵਰਲਡ ਆਫ ਵੂਮੈਨ ਵੱਲੋਂ ਮਿਲ ਕੇ ਮਾਂ ਦਿਵਸ 25 ਮਈ 2024 ਨੂੰ ਮਿਰਚੀ ਹੋਟਲ ਵਿੱਚ ਮਨਾਇਆ ਗਿਆ। ਇਸ ਸਮਾਗਮ ਦੀ ਅਗਵਾਈ ਰੋਇਲ ਵਮਨ ਕਲਚਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੰਸਥਾਪਕ ਮੈਡਮ ਗੁਰਮੀਤ ਹਰਪਾਲ ਜੀ ਅਤੇ ਵਾਓਵਰਲਡ ਆਫ ਵੂਮੈਨ ਗਰੁੱਪ ਦੇ ਪ੍ਰਧਾਨ ਮੈਡਮ ਸਿੰਮੀ ਜੀ ਵੱਲੋਂ ਕੀਤੀ ਗਈ। ਸਮਾਗਮ ਦੌਰਾਨ ਲਾਈਵ ਪਾਡਕਾਸਟ ਵੀ ਕੀਤਾ ਗਿਆ ਜਿਸ ਦਾ ਮੁੱਖ ਵਿਸ਼ਾ ਚੈਲਜਸ ਆਫ ਮਦਰਹੁਡ ਰੱਖਿਆ ਗਿਆ ਸੀ। ਜਿਸ ਵਿੱਚ ਮਾਵਾਂ ਨੂੰ ਮਹੱਤਵ ਦਿੰਦੇ ਹੋਏ ਇਹ ਵਿਚਾਰ ਚਰਚਾ ਕੀਤੀ ਗਈ ਕਿ ਕਿਸ ਤਰ੍ਹਾਂ ਇੱਕ ਮਾਂ ਕਈ ਤਰਾਂ ਦੇ ਰੋਲ ਅਦਾ ਕਰਦੀ ਹੈ। ਇਸ ਦੌਰਾਨ ਵੱਖ ਵੱਖ ਔਰਤਾਂ ਵੱਲੋਂ ਆਪਣੇ ਜੀਵਨ ਸੰਘਰਸ਼ ਬਾਰੇ ਵੀ ਦੱਸਿਆ ਗਿਆ ਕਿ ਕਿਸ ਤਰਾਂ ਕੰਮ ਦੇ ਨਾਲ ਨਾਲ ਉਹਨਾਂ ਨੇ ਆਪਣੇ ਪਰਿਵਾਰ ਅਤੇ ਬੱਚਿਆਂ ਦਾ ਖਿਆਲ ਰੱਖਿਆ ਅਤੇ ਕਿੰਨੀਆਂ ਮੁਸ਼ਕਲਾਂ ਦੇ ਨਾਲ ਬੱਚਿਆ ਦਾ ਪਾਲਣ ਪੋਸ਼ਣ ਕੀਤਾ ਗਿਆ।



ਇਸ ਮੌਕੇ ਨਕੀਤਾ ਅਤੇ ਸਰੂਚੀ ਵੱਲੋਂ ਡਾਂਸ ਪੇਸ਼ ਕੀਤਾ ਗਿਆ। ਰਾਜਪ੍ਰੀਤ ਵੱਲੋਂ ਭੰਗੜਾ, ਮੈਡਮ ਗੁਰਮੀਤ ਸਰਪਾਲ ਜੀ ਵੱਲੋਂ ਬਾਬੂ ਸ਼ਰੀਫ ਦੀ ਲਿਖੀ ਹੋਈ ਪ੍ਰਸਿੱਧ ਕਵਿਤਾ ਮਾਂ ਦੀ ਕੁਰਬਾਨੀ ਪੇਸ਼ ਕੀਤੀ ਗਈ। ਹੋਰ ਵੀ ਕਈ ਔਰਤਾਂ ਵੱਲੋਂ ਕਵਿਤਾ ਗੀਤ ਅਤੇ ਸ਼ੇਅਰ ਪੇਸ਼ ਕੀਤੇ ਗਏ। ਸਮਾਗਮ ਦੌਰਾਨ ਬਹੁਤ ਸਾਰੀਆਂ ਔਰਤਾਂ ਵੱਲੋਂ ਸਟਾਲਾਂ ਵੀ ਲਗਾਈਆਂ ਗਈਆਂ ਜਿਸ ਵਿੱਚ ਡਿਜ਼ਾਇਨਰ ਸੂਟ ਗਹਿਣੇ ਚਾਦਰਾਂ ਪਰਦੇ ਅਤੇ ਹੋਰ ਵੀ ਕਈ ਤਰ੍ਹਾਂ ਦਾ ਸਮਾਨ ਵੇਖਣ ਨੂੰ ਮਿਲਿਆ। ਇਸ ਮੌਕੇ ਖਾਣ ਪੀਣ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਗੁਰਮੀਤ ਸਰਪਾਲ ਜੀ ਵੱਲੋਂ ਔਰਤਾਂ ਨੂੰ ਸਫਲਤਾ ਪੂਰਵਕ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਜਿਸ ਵਿੱਚ ਔਰਤਾਂ ਦੀ ਮਾਨਸਿਕ ਅਤੇ ਦਿਮਾਗੀ ਸਥਿੱਤੀ ਨੂੰ ਮਜਬੂਤ ਬਣਾਇਆ ਜਾਂਦਾ ਹੈ ਤਾਂ ਕਿ ਉਹ ਆਪਣੇ ਜੀਵਨ ਵਿੱਚ ਚੱਲ ਰਹੀਆਂ ਜਾਂ ਆਉਣ ਵਾਲੀਆਂ ਮੁਸ਼ਕਿਲਾਂ ਦਾ ਜਿੰਦਾ ਦਿਲੀ ਦੇ ਨਾਲ ਸਾਹਮਣਾ ਕਰ ਸਕਣ। ਇਸ ਸਮਾਗਮ ਵਿੱਚ ਸਾਮਿਲ ਔਰਤਾਂ ਵੱਲੋਂ ਆਉਣ ਵਾਲੇ ਸਮੇਂ ਦੌਰਾਨ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਵਾਏ ਜਾਣ ਲਈ ਰੁਚੀ ਵਿਖਾਈ ਗਈ।

# ਕੈਲਗਰੀ ਦੇ ਬਜ਼ੁਰਗਾਂ ਦੀ ਸੰਸਥਾ ਵੱਲੋਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੱਤੀ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਬਜ਼ੁਰਗਾਂ ਦੀ ਨਾਮਵਰ ਸੰਸਥਾ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਮਾਸਿਕ ਇਕੱਤਰਤਾ 31 ਮਈ ਦਿਨ ਸ਼ੁੱਕਰਵਾਰ ਨੂੰ ਮੌਂਟਰੀ ਪਾਰਕ ਕਮਿਊਨਿਟੀ ਹਾਲ ਵਿੱਚ ਹੋਈ, ਜਿਸ ਵਿੱਚ ਤਕਰੀਬਨ 90 ਮੈਂਬਰਾਂ ਨੇ ਹਿੱਸਾ ਲਿਆ। ਮਹਿੰਦਰ ਸਿੰਘ ਧਾਲੀਵਾਲ ( 85 ਵਾਂ ਜਨਮ ਦਿਨ) ਸਮੇਤ ਦਸ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦੇਣ ਤੋਂ ਬਾਅਦ ਮਦਰ ਡੇ ਦੇ ਸੰਦਰਭ ਵਿੱਚ ਸਾਰੀਆਂ ਮਾਵਾਂ ਨੂੰ ਸਨਮਾਨ ਤੇ ਸਤਿਕਾਰ ਸਹਿਤ ਯਾਦ ਕੀਤਾ ਗਿਆ। ਪੰਜਾਬੀ ਦੇ ਜਗਤ ਪ੍ਰਸਿੱਧ ਕਵੀ ਪਦਮ ਸ਼੍ਰੀ ਸੁਰਜੀਤ ਪਾਤਰ ਦੀ ਅਚਨਚੇਤ ਮੌਤ ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਹਨਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਸੁਰਿੰਦਰ ਗੀਤ ਜੋ ਆਪ ਵੀ ਬਾ ਕਮਾਲ ਲੇਖਿਕਾ ਹਨ,ਜੋ ਸੁਰਜੀਤ ਪਾਤਰ ਦੇ ਅੰਤਮ ਸੰਸਕਾਰ ਦੀਆਂ ਰਸਮਾਂ ਵਿੱਚ ਹਿੱਸਾ ਲੈਣ ਤੋਂ ਬਾਦ ਵਾਪਸ ਕੈਲਗਰੀ ਆਏ ਸਨ, ਨੇ ਵੀ ਇਸ ਸ਼ਰਧਾਂਜਲੀ ਸਮਾਗਮ ਵਿੱਚ ਸ਼ਿਰਕਤ ਕੀਤੀ। ਉਹਨਾਂ ਭਾਵੁਕ ਮਨ ਨਾਲ ਪਾਤਰ ਪਰਿਵਾਰ ਨਾਲ ਆਪਣੇ ਤੀਹ ਸਾਲ ਪੁਰਾਣੇ ਸਬੰਧਾਂ ਤੇ ਸੁਰਜੀਤ ਪਾਤਰ ਨਾਲ ਭੈਣ ਭਰਾ ਦੇ ਰਿਸ਼ਤੇ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਸ ਦਾ ਤਖ਼ੱਲਸ "ਗੀਤ" ਵੀ ਪਾਤਰ ਦੀ ਹੀ ਦੇਣ ਹੈ। ਡਾ: ਬਲਵਿੰਦਰ ਕੌਰ ਬਰਾੜ,ਜਰਨੈਲ ਸਿੰਘ ਤੱਗੜ,ਮਾਸਟਰ ਬਚਿੱਤਰ ਸਿੰਘ ਗਿੱਲ,ਪਰਬੇਸ਼ ਪਰਹਾਰ,ਸੁਰਜੀਤ ਸਿੰਘ ਹੇਅਰ ਅਤੇ ਸ਼ਮਿੰਦਰ ਸਿੰਘ ਕੰਮੋਅ ਵੱਲੋਂ ਵੀ ਸੁਰਜੀਤ ਪਾਤਰ ਨੂੰ ਭਾਵਭਿੰਨੀਆਂ ਸ਼ਰਧਾਜਲੀਆਂ ਭੇਟ ਕੀਤੀਆਂ ਗਈਆਂ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਯੁੱਗ ਕਵੀ ਡਾ: ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੱਤੀ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਾਣ, ਸੰਸਾਰ ਪ੍ਰਸਿੱਧ ਮਹਾਂ- ਕਵੀ ਅਤੇ ਚਿੰਤਕ ਡਾ: ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਸੁਰਿੰਦਰ ਗੀਤ ਦਾ ਡਾ: ਰਾਜਵੰਤ ਕੌਰ ਮਾਨ ਅਤੇ ਸੁਰਿੰਦਰ ਕੰਮਹੋ ਦੀ ਪ੍ਰਧਾਨਗੀ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਭਰੀਆਂ ਅੱਖਾਂ ਤੇ ਭਰੇ ਮਨ ਨਾਲ ਸੁਰਜੀਤ ਪਾਤਰ ਦੀ ਅਚਾਨਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਹਨਾਂ ਨੇ ਡਾ: ਪਾਤਰ ਦੇ ਕਈ ਕਾਵਿ ਟੋਟਕੇ ਤਰੰਨਮ ਵਿੱਚ ਸਰੋਤਿਆਂ ਨਾਲ ਸਾਂਝੇ ਕੀਤੇ। ਪ੍ਰਧਾਨ ਸੁਰਿੰਦਰ ਗੀਤ ਨੇ ਆਪਣੇ ਨਿੱਜੀ ਤਜੱਰਬਿਆਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਇਹ ਮਹਾਨ ਕਵੀ ਮੇਰਾ ਵੱਡਾ ਵੀਰ ਸੀ। 1994 ਤੋਂ ਸ਼ੁਰੂ ਹੋਈ ਸਾਂਝ ਅੱਜ ਤਕ ਕਾਇਮ ਰਹੀ। ਮੈਂ ਤਾਂ ਵੀਰ ਜੀ ਨੂੰ ਆਪਣੇ ਦਰਦ ਦਾ ਗੀਤ ਬਣਾਉਣ ਬਾਰੇ ਹੀ ਕਿਹਾ ਸੀ ਪਰ ਉਹਨਾਂ ਨੇ ਮੈਨੂੰ ਹੀ ਗੀਤ ਬਣਾ ਦਿੱਤਾ।

ਮੇਰੀ ਪਹਿਲੀ ਪੁਸਤਕ ਤੇ ਮੈਨੂੰ ਦੱਸੇ ਬਿਨਾਂ ਮੇਰਾ ਨਾਮ 'ਗੀਤ' ਲਿਖਵਾ ਦਿੱਤਾ ਤੇ ਇਉਂ ਮੈਂ ਸੁਰਿੰਦਰ ਕੌਰ ਗਿੱਲ ਤੋਂ 'ਸੁਰਿੰਦਰ ਗੀਤ' ਬਣ ਗਈ। ਸੁਰਿੰਦਰ ਗੀਤ ਨੇ ਰੋਂਦਿਆਂ ਰੋਂਦਿਆਂ ਦੱਸਿਆ ਕਿ ਵੀਰ ਜੀ ਨੇ ਪੈਰ ਪੈਰ ਤੇ ਮੇਰੀ ਅਤੇ ਮੇਰੀ ਕਵਿਤਾ ਦੀ ਅਗਵਾਈ ਕੀਤੀ। ਡਾ: ਰਾਜਵੰਤ ਕੌਰ ਮਾਨ ਜਿਹਨਾਂ ਦੇ ਬੇਟੇ ਰਵੀ ਮਾਨ ਨੇ ਪਾਤਰ ਹੋਰਾਂ ਦੀਆਂ ਗ਼ਜ਼ਲਾਂ ਦੀ ਇੱਕ ਬਹੁਤ ਖ਼ੂਬਸੂਰਤ ਸੀਡੀ ਵੀ ਰਿਕਾਰਡ ਕਰਵਾਈ ਹੈ,ਨੇ ਆਪਣੀਆਂ ਕੁੱਝ ਯਾਦਾਂ ਦੀ ਸਰੋਤਿਆਂ ਨਾਲ ਸਾਂਝ ਪਾਈ। ਬਲਬੀਰ ਗੋਰਾ ਸਰਬਜੀਤ ਸਿੰਘ ਰੰਧਾਵਾ, ਵਿਜੈ ਸਚਦੇਵਾ, ਰਵੀ ਜਨਾਗਲ, ਚਰਨਜੀਤ ਕੌਰ ਬਾਜਵਾ, ਤਰਲੋਚਨ ਸੈਂਬੀ, ਜਰਨੈਲ ਤੱਗੜ, ਸੁਖਮਿੰਦਰ ਤੂਰ,ਮਨਜੀਤ ਕੌਰ ਖਹਿਰਾ, ਗੁਰਮੀਤ ਕੌਰ ਸਮਰਾ, ਪਰਸ਼ੋਤਮ ਭਰਦਵਾਜ਼, ਸੁਖਦਰਸਨ ਸਿੰਘ ਜੱਸਲ, ਸੁਭਿਦੂ ਸ਼ਰਮਾ, ਦਿਲਾਵਰ ਸਿੰਘ ਸਮਰਾ, ਤੇਜਾ ਸਿੰਘ ਪ੍ਰੇਮੀ, ਬਲਵਿੰਦਰ ਕੌਰ, ਗੁਰਬਖ਼ਸ਼ ਸਿੰਘ ਗਿੱਲ, ਸਬਾ ਸਦੀਕ, ਅਵਤਾਰ ਕੌਰ ਤੱਗੜ, ਤਰਜੀਤ ਲਾਲੀ, ਸੁਖਜੀਤ ਕੌਰ ਲਾਲੀ, ਪਰਗਨ ਸਿੰਘ ਰਾਏ, ਸ਼ਮਿੰਦਰ ਕੰਮੋਹ, ਸਰਬਜੀਤ ਉੱਪਲ, ਗੁਰਮੀਤ ਭੱਟੀ, ਦਰਬਾਰਾ ਸਿੰਘ ਸੰਧੂ, ਮਨਜੀਤ ਬਰਾੜ, ਗੁਰਦੀਪ ਸਿੰਘ ਗਹੀਰ, ਜਸਵੰਤ ਸਿੰਘ ਕਪੂਰ, ਅਮਰੀਕ ਸਰੋਆ, ਸੁਰਜੀਤ ਸਿੰਘ ਹੇਅਰ, ਮੰਗਲ ਚੱਠਾ, ਗੁਰਰਾਜ ਸਿੰਘ ਵਿਰਕ ਤੇ ਹੈਡ ਮਾਸਟਰ ਬਲਜੀਤ ਸਿੰਘ ਰੌਣੀ ਜੀ ਆਪਣੀ ਹਾਜ਼ਰੀ ਲਗਵਾ ਕੇ ਪੰਜਾਬੀ ਦੇ ਮਹਾਨ ਸਪੂਤ ਨੂੰ ਸ਼ਰਧਾਜ਼ਲੀ ਭੇਂਟ ਕੀਤੀ। ਮੰਚ ਸੰਚਾਚਨ ਦੀ ਜੁੰਮੇਵਾਰੀ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

# ਜਦੋਂ ਟਰੂਡੋ ਅਤੇ ਪੋਲੀਵਰ ਘਰ ਬਣਾਉਣ ਪਿੱਛੇ ਆਪਸ ਵਿੱਚ ਖਹਿਬੜੇ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਹਾਊਸ ਆਫ ਕਾਮਨ ਵਿੱਚ ਹਾਊਸਿੰਗ ਦੇ ਮੁੱਦੇ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਏਰੇ ਪੋਲੀਵਰ ਵਿੱਚਾਲੇ ਤਿੱਖੀ ਬਹਿਸ ਵੇਖਣ ਨੂੰ ਮਿਲੀ ਪੋਲੀਵਰ ਨੇ ਜਿੱਥੇ ਫੈਡਰਲ ਸਰਕਾਰ ਦੇ ਹਾਊਸਿੰਗ ਐਕਸੀਲੇਟਰ ਫੰਡ ਨੂੰ ਲੈ ਕੇ ਸਵਾਲ ਕੀਤਾ ਕਿ ਫੈਡਰਲ ਸਰਕਾਰ ਨੇ ਇਸ ਫੰਡ ਦੇ ਤਹਿਤ ਟੋਰਾਂਟੋ ਨੂੰ ਅੱਧਾ ਬਿਲੀਅਨ ਡਾਲਰ ਦੇ ਦਿੱਤੇ ਪਰ ਬਦਲੇ ਵਿੱਚ ਟਰਾਂਟੋ ਵਿੱਚ ਹਾਊਸਿੰਗ ਟੈਕਸ ਵਧਾ ਦਿੱਤੇ ਗਏ ਜਿਸ ਤੇ ਜਵਾਬ ਦਿੰਦਿਆਂ ਜਸਟਿਨ ਟਰੂਡੋ ਨੇ ਆਖਿਆ ਕਿ ਅਸੀਂ ਕੰਜਰਵੇਟਿਵ ਲੀਡਰ ਦੇ ਪਖੰਡ ਨੂੰ ਪੂਰੀ ਤਰ੍ਹਾਂ ਦੇਖ ਰਹੇ ਹਾਂ ਕਿਉਂਕਿ ਪੋਲੀਬਰ ਕੰਜਰਵਟਿਵ ਪਾਰਟੀ ਦੇ ਹਾਊਸਿੰਗ ਪ੍ਰਪੋਜ਼ਲ ਦੇ ਮੁੱਦੇ ਤੇ ਬਹਿਸ ਤੋਂ ਭੱਜ ਰਹੇ ਹਨ ਜਿਸਦੇ ਜਵਾਬ ਵਿੱਚ ਪੋਲੀਵਰ ਨੇ ਕਿਹਾ ਕਿ ਜਦੋਂ ਮੈਂ ਹਾਊਸਿੰਗ ਮੰਤਰੀ ਸੀ ਤਾਂ ਅਸੀਂ ਇੱਕ ਸਾਲ ਵਿੱਚ 2 ਲੱਖ ਘਰ ਬਣਾਏ ਸਨ ਅਤੇ ਉਸ ਵਕਤ ਮੋਰਗੇਜ ਪੇਮੈਂਟ ਅੱਜ ਨਾਲੋਂ ਅੱਧੀਆਂ ਸਨ। ਉਧਰ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਨੇ ਸੂਬੇ ਵਿੱਚ ਘਰਾਂ ਦੀ ਉਸਾਰੀ ਦੀ ਰਫਤਾਰ ਵਧਾਉਣ ਦੇ ਮਕਸਦ ਨਾਲ ਨਵੀਂ ਆਨਲਾਈਨ ਹੱਬ ਦਾ ਐਲਾਨ ਕੀਤਾ ਹੈ ਜਿਸ ਰਾਹੀਂ ਇਮਾਰਤਾਂ ਨੂੰ ਉਸਾਰਨ ਲਈ ਪਰਮਿਟ ਲੈਣੇ ਆਸਾਨ ਹੋ ਜਾਣਗੇ ਬਰਨਬੀ ਵਿੱਚ ਸੰਬੋਧਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਹੌਲੀ ਗਤੀ ਵਾਲੇ ਅਤੇ ਕੰਪਲੀਕੇਟਡ ਬਿਲਡਿੰਗ ਪਰਮਿਟਾਂ ਕਾਰਨ ਹਾਊਸਿੰਗ ਡਿਵੈਲਪਮੈਂਟ ਦੀ ਰਫਤਾਰ ਵਿੱਚ ਕਮੀ ਆਉਂਦੀ ਹੈ ਇਸ ਲਈ ਇਸ ਸਿਸਟਮ ਨੂੰ ਤੇਜ਼ ਕਰਨ ਦੀ ਜਰੂਰਤ ਹੈ ਇਸ ਪਾਇਲਟ ਪ੍ਰੋਜੈਕਟ ਨੂੰ ਵਨ ਸਟਾਪ ਸ਼ਾਪ ਦਾ ਨਾਂ ਦਿੱਤਾ ਗਿਆ ਹੈ ਜਿਸ ਵਿੱਚ 12 ਮਿਊਨਸੀਪੈਲਟੀਆਂ ਅਤੇ ਦੋ ਫਸਟ ਨੇਸ਼ਨ ਸਰਕਾਰਾਂ ਹਿੱਸਾ ਲੈ ਰਹੀਆਂ ਹਨ ।

## ਫਲਸਤੀਨ ਪੱਖੀ ਮੁਜ਼ਾਹਰਾਕਾਰੀਆਂ ਨੂੰ ਖਦੇੜਨ ਲਈ ਪੁਲਿਸ ਵੱਲੋਂ ਤਾਕਤ ਦੀ ਵਰਤੋਂ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਵਿੱਚ ਯੂਨੀਵਰਸਟੀ ਆਫ ਬ੍ਰਿਟਿਸ਼ ਕਲੰਬੀਆ ਵਿੱਚ ਫਲਸਤੀਨ ਪੱਖੀ ਮੁਜ਼ਾਹਰਾਕਾਰੀਆਂ ਨੂੰ ਖਦੇੜਨ ਲਈ ਪੁਲਿਸ ਵੱਲੋਂ ਤਾਕਤ ਦੀ ਵਰਤੋਂ ਕੀਤੀ ਗਈ ਅਤੇ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਸਲ ਵਿੱਚ ਉਸ ਦਿਨ ਤੜਕੇ ਹੀ ਪ੍ਰਦਰਸ਼ਨਕਾਰੀ ਯੂਨੀਵਰਸਿਟੀ ਬੁਲੇਵਡ ਤੇ ਵੈਸਟ ਬਰੁਕ ਮਾਲ ਦੇ ਇੰਟਰਸੈਕਸ਼ਨ ਤੇ ਇੱਕੱਠੇ ਹੋਣੇ ਸ਼ੁਰੂ ਹੋ ਗਏ ਸਨ ਜਿਸ ਕਾਰਨ ਆਵਾਜਾਈ ਵਿੱਚ ਭਾਰੀ ਵਿਘਨ ਪੈ ਰਿਹਾ ਸੀ। 11 ਵਜੇ ਫਲਸਤੀਨ ਪੱਖੀ ਲੋਕਾਂ ਵੱਲੋਂ ਰੈਲੀ ਸ਼ੁਰੂ ਕੀਤੀ ਗਈ ਜਿਸ ਤੋਂ ਬਾਅਦ ਆਰਸੀਐਮਪੀ ਅਤੇ ਵੈਨਕੂਵਰ ਪੁਲਿਸ ਵੱਲੋਂ ਇਹਨਾਂ ਲੋਕਾਂ ਨੂੰ ਉਥੋਂ ਹਟਣ ਲਈ ਕਿਹਾ ਗਿਆ ਅਤੇ ਨਾ ਹਟਣ ਦੀ ਸੂਰਤ ਵਿੱਚ ਉਹਨਾਂ ਨੂੰ ਗਿਰਫਤਾਰ ਕਰਨ ਲਈ ਆਖਿਆ ਗਿਆ ਪਰ ਜਦੋਂ ਇਹ ਮੁਜ਼ਾਹਰਾਕਾਰੀ ਉਥੋਂ ਨਹੀਂ ਹਟੇ ਤਾਂ ਆਰਸੀਐਮਪੀ ਵੱਲੋਂ ਇਹਨਾਂ ਨੂੰ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ ਗਿਆ ਵਰਨਣ ਯੋਗ ਹੈ ਕਿ ਫ਼ਲਸਤੀਨ ਪੱਖੀਆਂ ਵੱਲੋਂ ਯੂਨੀਵਰਸਿਟੀ ਦੇ ਪ੍ਰੈਜੀਡੈਂਟ ਨੂੰ ਉਸ ਦਿਨ ਸਵੇਰੇ 8 ਵਜੇ ਤੱਕ ਦਾ ਵਕਤ ਦਿੱਤਾ ਗਿਆ ਸੀ ਕਿ ਉਹਨਾਂ ਦੀਆਂ ਮੰਗਾਂ ਮੰਨੀਆਂ ਜਾਣ ਜਿਨਾਂ ਵਿੱਚ ਉਹ ਕੰਪਨੀਆਂ ਜਿਨਾਂ ਦਾ ਇਜਰਾਇਲ ਨਾਲ ਸਬੰਧ ਹੈ ਉਹਨਾਂ ਨਾਲੋਂ ਤੋੜ ਵਿਛੋੜਾ ਕੀਤਾ ਜਾਵੇ ਅਤੇ ਇਜਰਾਇਲੀ ਯੂਨੀਵਰਸਿਟੀ ਨਾਲ ਮਿਲ ਕੇ ਕੀਤੇ ਜਾਣ ਵਾਲੇ ਕਿਸੇ ਵੀ ਖੋਜ ਕਾਰਜ ਨੂੰ ਰੋਕ ਦਿੱਤਾ ਜਾਵੇ।

# ਅਸੀਂ ਉਸ ਸਮਝੌਤੇ ਦੀ ਉਲੰਘਣਾ ਕੀਤੀ ਹੈ, ਇਹ ਸਾਡੀ ਗਲਤੀ ਸੀ-ਨਵਾਜ਼ ਸ਼ਰੀਫ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਮਨਜ਼ੂਰ ਕੀਤਾ ਕਿ ਇਸਲਾਮਾਬਾਦ ਨੇ ਭਾਰਤ ਨਾਲ 1999 'ਚ ਉਨ੍ਹਾਂ ਦੇ ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਦਸਤਖ਼ਤ ਕੀਤੇ ਸਮਝੌਤੇ ਦੀ 'ਉਲੰਘਣਾ' ਕੀਤੀ ਹੈ। ਉਨ੍ਹਾਂ ਨੇ ਇਹ ਗੱਲ ਕਾਰਗਿਲ 'ਚ ਜਨਰਲ ਪਰਵੇਜ਼ ਮੁਸ਼ੱਰਫ ਵੱਲੋਂ ਕੀਤੇ ਗਏ ਹਮਲੇ ਵੱਲ ਇਸ਼ਾਰਾ ਕਰਦਿਆਂ ਕਹੀ। ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ।) ਦਾ ਫਿਰ ਤੋਂ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਪਾਰਟੀ ਦੀ ਜਨਰਲ ਕੌਂਸਲ ਨੂੰ ਸੰਬੋਧਨ ਕਰਦਿਆਂ ਸ਼ਰੀਫ ਨੇ ਕਿਹਾ, "28 ਮਈ 1998 ਨੂੰ ਪਾਕਿਸਤਾਨ ਨੇ ਪੰਜ ਪ੍ਰਮਾਣੂ ਪ੍ਰੀਖਣ ਕੀਤੇ ਸਨ। ਫਿਰ ਵਾਜਪਾਈ ਸਾਹਿਬ ਇੱਥੇ ਆਏ ਅਤੇ ਸਾਡੇ ਨਾਲ ਸਮਝੌਤਾ ਕੀਤਾ। ਪਰ ਅਸੀਂ ਉਸ ਸਮਝੌਤੇ ਦੀ ਉਲੰਘਣਾ ਕੀਤੀ ਹੈ। ਇਹ ਸਾਡੀ ਗਲਤੀ ਸੀ।" ਸ਼ਰੀਫ ਅਤੇ ਵਾਜਪਾਈ ਨੇ 21 ਫ਼ਰਵਰੀ 1999 ਨੂੰ ਲਾਹੌਰ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ। ਦੋਹਾਂ ਦੇਸ਼ਾਂ ਵਿੱਚਾਲੇ ਸ਼ਾਂਤੀ ਅਤੇ ਸਥਿਰਤਾ ਦੀ ਪਹੁੰਚ ਦੀ ਗੱਲ ਕਰਨ ਵਾਲੇ ਸਮਝੌਤੇ ਨੇ ਇੱਕ ਵੱਡੀ ਸਫਲਤਾ ਦਾ ਸੰਕੇਤ ਦਿਤਾ ਸੀ ਪਰ ਕੁੱਝ ਮਹੀਨਿਆਂ ਬਾਅਦ ਪਾਕਿਸਤਾਨੀ ਘੁਸਪੈਠ ਕਾਰਨ ਕਾਰਗਿਲ ਜੰਗ ਸ਼ੁਰੂ ਹੋ ਗਈ ਸੀ।

# 16 ਗੱਡੀ ਚੋਰਾਂ ਵਿੱਚੋਂ 6 ਭਾਰਤੀ ਮੂਲ ਦੇ ਲੋਕਾਂ ਦਾ ਨਾਂ ਬੋਲਦਾ ਹੈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀ ਪੀਲ ਰੀਜਨਲ ਪੁਲੀਸ ਨੇ ਇੱਕ ਵੱਡੇ ਆਪਰੇਸ਼ਨ ਵਿੱਚ ਚੋਰੀ ਦੀਆਂ 369 ਗੱਡੀਆਂ ਬਰਾਮਦ ਕੀਤੀਆਂ ਹਨ ਜਿੰਨਾਂ ਦੀ ਕੀਮਤ 33.2 ਮਿਲੀਅਨ ਡਾਲਰ ਬਣਦੀ ਹੈ ਅਤੇ ਇਸ ਮਾਮਲੇ ਵਿੱਚ ਭਾਰਤੀ ਮੂਲ ਦੇ ਛੇ ਲੋਕਾਂ ਸਮੇਤ 16 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਪੀਲ ਰੀਜਨਲ ਪੁਲਿਸ ਦੇ ਮੁਖੀ ਨਿਸ਼ਾਨ ਦੁਰਯਪਾ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਸਾਰੀਆਂ ਗ੍ਰਿਫਤਾਰੀਆਂ ਪ੍ਰੋਜੈਕਟ ਓਡੀਸੀ ਤਹਿਤ ਹੋਈਆਂ ਹਨ ਅਤੇ ਚੋਰੀ ਦੀਆਂ ਗੱਡੀਆਂ ਦੇ ਮਾਮਲੇ ਵਿੱਚ ਇਹ ਪੀਲ ਰੀਜਨਲ ਪੁਲਿਸ ਦੇ ਹੱਥ ਲੱਗੀ ਇਹ ਵੱਡੀ ਕਾਮਯਾਬੀ ਹੈ। ਕਮਰਸ਼ੀਅਲ ਆਟੋ ਬਿਊਰੋ ਦੇ ਡਿਟੈਕਟਿਵ Greg O'Connor ਨੇ ਦੱਸਿਆ ਕਿ ਅਕਤੂਬਰ ਮਹੀਨੇ ਵਿੱਚ ਬਰੈਂਪਟਨ ਵਿੱਚ ਚੋਰੀ ਦੀਆਂ ਗੱਡੀਆਂ ਸਬੰਧੀ ਇੱਕ ਸੂਚਨਾ ਮਿਲਣ ਉਪਰੰਤ ਜਾਂਚ ਆਰੰਭ ਕੀਤੀ ਗਈ ਸੀ। ਇਸ ਤੋਂ ਬਾਅਦ ਮਿਸੀ ਸਾਗਾ ਵਿੱਚ ਦਸੰਬਰ ਚ ਚੋਰੀ ਦੀਆਂ ਗੱਡੀਆਂ ਵਾਲਾ ਇੱਕ ਕੰਟੇਨਰ ਫੜਿਆ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਪਰਿਵਾਰ ਵੱਲੋਂ ਚੋਰੀ ਦੀਆਂ ਗੱਡੀਆਂ ਨੂੰ ਇੱਥੋਂ ਲੱਦ ਕੇ ਬਾਹਰ ਭੇਜਿਆ ਜਾਂਦਾ ਸੀ। ਉਹਨਾਂ ਆਖਿਆ ਕਿ ਮਿਲੇ ਸਬੂਤਾਂ ਦੇ ਆਧਾਰ ਤੇ ਇੰਜ ਲੱਗਦਾ ਹੈ ਕਿ ਟਰੱਕਿੰਗ ਕੰਪਨੀ ਦਾ ਮਾਲਕ ਉਥੋਂ ਦੇ ਵਰਕਰ ਅਤੇ ਆਪਰੇਟਰ ਸਾਰਿਆਂ ਨੂੰ ਚੋਰੀ ਦੀਆਂ ਗੱਡੀਆਂ ਬਾਰੇ ਜਾਣਕਾਰੀ ਸੀ। ਪੁਲਿਸ ਨੇ ਇਹ ਵੀ ਦੱਸਿਆ ਕਿ ਬਰਾਮਦ ਕੀਤੀਆਂ ਗਈਆਂ 369 ਗੱਡੀਆਂ ਚੋਂ 114 ਮਾਂਟਰਿਅਲ ਦੇ ਪੋਰਟ ਤੋਂ ਬਰਾਮਦ ਕੀਤੀਆਂ ਗਈਆਂ ਹਨ ਜੋ ਕਿ ਟਰੱਕਾਂ ਜਾਂ ਰੇਲ ਗੱਡੀ ਰਾਹੀਂ ਉੱਥੇ ਭੇਜੀਆਂ ਗਈਆਂ ਸਨ ।ਬਾਕੀ ਸਾਰੇ ਵਾਹਨ ਪੀਲ ਰੀਜਨ ਵਿੱਚੋਂ ਹੀ ਬਰਾਮਦ ਹੋਏ ਹਨ। ਫੜੇ ਗਏ 16 ਲੋਕਾਂ ਉੱਪਰ 322 ਧਾਰਾਵਾਂ ਲਗਾਈਆਂ ਗਈਆਂ ਹਨ ਅਤੇ 10 ਜਣਿਆਂ ਵਾਸਤੇ ਵਾਰੰਟ ਜਾਰੀ ਕੀਤੇ ਗਏ ਹਨ।



# ਉਹ ਸਾਰੇ ਚਲੇ ਗਏ ਤੇ ਮੈਂ ਉਨ੍ਹਾਂ ਦੇ ਰਾਹੀਂ ਕੁੱਝ ਨਾ ਕੁੱਝ ਸੰਭਾਲ ਲਿਆ -ਡਾ: ਬਰਾੜ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਜੂਨ ਮਹੀਨੇ ਦੀ ਮੀਟਿੰਗ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਡਾ: ਜੋਗਾ ਸਿੰਘ ਸਹੋਤਾ ਅਤੇ ਗੁਰਦੀਸ਼ ਕੌਰ ਗਰੇਵਾਲ ਜੀ ਦੀ ਪ੍ਰਧਾਨਗੀ ਹੇਠ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਦੇ ਅਜੋਕੇ ਸਮੇਂ ਦੇ ਮਹਾਨ ਕਵੀ ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਅਤੇ ਜੂਨ 1984 ਦੇ ਪਹਿਲੇ ਹਫ਼ਤੇ ਵਾਪਰੇ ਇਤਿਹਾਸਕ ਦੁਖਾਂਤ ਨੂੰ ਸਮਰਪਤ ਰਹੀ ਸਭਾ ਦੇ ਸਕੱਤਰ ਗੁਰਚਰਨ ਥਿੰਦ ਨੇ 'ਪਾਤਰ' ਜੀ ਨੂੰ ਆਸ਼ਾ ਭਰਪੂਰ ਬੋਲਾਂ ਦਾ ਰਚੇਤਾ, ਸਹਿਜਮੱਤੀ ਸਖ਼ਸ਼ੀਅਤ ਦਾ ਮਾਲਕ, ਆਪਣੇ ਨਰਮ ਬੋਲਾਂ ਨਾਲ ਹਰੇਕ ਨੂੰ ਸੌਖੇ ਹੀ ਮਿਲ ਸਕਣ ਵਾਲਾ ਵਿਅਕਤੀ ਆਖ ਸਤਿਕਾਰਿਆ ਅਤੇ ਨਾਲ ਹੀ ਚਾਰ ਦਹਾਕੇ ਪਹਿਲਾਂ ਸਿੱਖੀ ਦੇ ਧਾਰਮਿਕ ਸਥਾਨ ਤੇ ਵਾਪਰੇ ਦੁਖਾਂਤ ਦੇ ਫਲਸਰੂਪ ਪੰਜਾਬ ਤੇ ਪੰਜਾਬੀਆਂ ਦੀ ਦੁਰਗਤੀ ਨੂੰ ਯਾਦ ਕਰਦਿਆਂ ਉਸ ਕਾਲੇ ਦੌਰ ਦਾ ਅੱਖੀਂ ਡਿੱਠਾ ਹਾਲ ਸਾਂਝਾ ਕੀਤਾ ਬਲਵਿੰਦਰ ਬਰਾੜ ਨੇ ਪੰਜਾਬ ਯੂਨੀਵਰਸਿਟੀ ਵਿੱਚ ਦਲੀਪ ਕੌਰ ਟਿਵਾਣਾ, ਪ੍ਰੇਮ ਪ੍ਰਕਾਸ਼ ਤੇ ਹੋਰ ਬਹੁਤ ਸਾਰੇ ਲੇਖਕਾਂ ਸਮੇਤ ਸੁਰਜੀਤ ਪਾਤਰ ਨਾਲ ਮਿਲਣ ਦੇ ਮੌਕਿਆਂ ਦਾ ਬੜੇ ਭਾਵਪੂਰਤ ਸ਼ਬਦਾਂ ਵਿੱਚ ਵਰਨਣ ਕਰਦਿਆਂ ਕਿਹਾ ਕਿ 'ਜਿਵੇਂ ਫ਼ਸਲ ਪੱਕੀ ਤੋਂ ਖੇਤ ਵੱਢਿਆ ਜਾਂਦਾ ਤਾਂ ਸਿੱਲ਼ਾ ਚੁੱਗਣ ਵਾਲੀਆਂ ਵੀ ਪੰਜ ਸੱਤ ਸੇਰ ਦਾਣੇ ਬਣਾ ਲੈਂਦੀਆਂ। ਮੈਨੂੰ ਲਗਦਾ ਕਿ ਉਹ ਸਾਰੇ ਚਲੇ ਗਏ ਤੇ ਮੈਂ ਉਨ੍ਹਾਂ ਦੇ ਰਾਹੀਂ ਕੁੱਝ ਨਾ ਕੁੱਝ ਸੰਭਾਲ ਲਿਆ।

ਪ੍ਰੀਤਸਾਗਰ ਸਿੰਘ, ਗੁਰਮੀਤ ਸਿੰਘ ਤੰਬੜ, ਨਾਟਕਕਾਰ ਸ਼ੁਬੇਂਧੂ ਸ਼ਰਮਾ, ਡਾ: ਸੁਖਵਿੰਦਰ ਸਿੰਘ ਥਿੰਦ, ਦਰਸ਼ਨ ਸਿੰਘ, ਗੁਰਦੀਸ਼ ਗਰੇਵਾਲ, ਸਰਬਜੀਤ ਉੱਪਲ, ਗੁਰਨਾਮ ਕੌਰ, ਜਸਵੰਤ ਸਿੰਘ ਕਪੂਰ, ਸਰਦੂਲ ਸਿੰਘ ਲੱਖਾ, ਡਾ: ਜੋਗਾ ਸਿੰਘ, ਹੋਰਾਂ ਦੀ ਮੰਚ ਉੱਪਰ ਹਾਜਰੀ ਦੇ ਨਾਲ ਨਾਲ ਜਸਵੰਤ ਸਿੰਘ ਸੇਖੋਂ ਜੀ ਅਤੇ ਅਮਨਪ੍ਰੀਤ ਸਿੰਘ ਨੇ ਰਲ ਕੇ ਲੇਖਕ ਦੀ ਕਲਮ ਦੀ ਉਸਤਤ ਕਰਦਿਆਂ, 'ਘੋਰ ਕਾਲੀਆਂ ਰਾਤਾਂ ਨੂੰ ਉਹ ਬਖਸ਼ਣ ਸਦਾ ਉਜਾਲੇ, ਸੱਚ ਕਹਿਣ ਤੋਂ ਨਹੀਂ ਡੋਲਿਆ ਦੇਖਿਆ ਨੇੜੇ ਹੋਕੇ।' ਬੋਲਾਂ ਨਾਲ ਉਸ ਦੇ ਸਮਾਜ ਲਈ ਸਾਰਥਿਕ ਯੋਗਦਾਨ ਨੂੰ ਕਵੀਸ਼ਰੀ ਦੇ ਰੂਪ ਵਿੱਚ ਗਾਇਆ। ਜਗਦੇਵ ਸਿੰਘ ਸਿੱਧੂ ਨੇ ਆਖਿਆ ਕਿ ਸੁਰਜੀਤ ਪਾਤਰ ਦੇ ਸੋਗ ਵਿੱਚ ਖਲੋਤੇ ਬ੍ਰਿਖ ਵੀ ਸ਼ਾਮਲ ਨੇ ਕਿਉਂਕਿ ਉਹ ਬ੍ਰਿਖਾਂ ਦੇ ਅਹਿਸਾਸਾਂ ਦਾ ਰਚੇਤਾ ਸੀ। ਪ੍ਰਧਾਨ ਜਸਵੀਰ ਸਿਹੋਤਾ ਜੀ ਨੇ 'ਚਾਨਣ ਕਰਦਾਂ ਰਹੀਂ ਮਾਲਕਾ ਜ਼ਿੰਦਗੀ 'ਚ ਕਦੇ ਨਾ ਰਾਤ ਹੋਵੇ' ਸ਼ਬਦਾਂ ਨਾਲ ਭਾਵਪੂਰਤ ਲੇਖਣੀ ਦੇ ਲੇਖਕ ਸੁਰਜੀਤ ਪਾਤਰ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਅਤੇ ਆਪਣੀ ਰਚਨਾ ਸਾਂਝੀ ਕੀਤੀ ਅੰਤ ਵਿੱਚ ਗੁਰਚਰਨ ਕੌਰ ਥਿੰਦ ਨੇ ਪਾਤਰ ਜੀ ਦੀ ਆਖਿਰੀ ਕਵਿਤਾ, 'ਜੀਵਨ ਦੀਆਂ ਸ਼ਾਮਾਂ ਪੈ ਗਈਆਂ, ਵੀ' ਸੁਣਾਈ' ਅਤੇ ਸਭ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ।

## ਕੈਲਗਰੀ ਦੇ ਕਾਰਨਰਸਟੋਨ ਏਰੀਆ ਵਿੱਚ ਨਵੀਆਂ ਸਹੂਲਤਾਂ ਵਾਲੇ ਪ੍ਰਾਜੈਕਟ ਦੀ ਨੀਂਹ ਪੁੱਟੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਖੇਤਰ ਨੌਰਥ ਈਸਟ ਦੇ ਕਾਰਨਰ ਸਟੋਨ ਵਿੱਚ ਕਈ ਨਵੀਆਂ ਸਹੂਲਤਾਂ ਵਾਲੇ ਪ੍ਰਾਜੈਕਟ ਲਈ ਨੀਂਹ ਪੁੱਟੀ ਗਈ। ਨੀਂਹ ਪੁੱਟਣ ਦੀ ਰਸਮ ਵਿੱਚ ਮੇਅਰ ਜੋਤੀ ਗੌਂਡਕ, ਵਾਰਡ ਨੰਬਰ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਅਤੇ ਫਾਇਰ ਚੀਫ ਸਟੀਵ ਡੋਂਗਵਰਥ ਸ਼ਾਮਿਲ ਸਨ। ਇਸੇ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਕੌਂਸਲਰ ਰਾਜ ਧਾਲੀਵਾਲ ਨੇ ਆਖਿਆ ਕਿ ਵਾਰਡ 5 ਖੇਤਰ ਵਿੱਚ ਆਉਂਦੇ ਇਸ ਏਰੀਆ ਦੀ ਲੰਮੇ ਸਮੇਂ ਤੋਂ ਇਸ ਪ੍ਰੋਜੈਕਟ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ। ਅਸੀਂ ਵੀ ਜਦੋਂ ਕਦੀ ਇਸ ਭਾਈਚਾਰੇ ਦੇ ਲੋਕਾਂ ਨੂੰ ਮਿਲਦੇ ਸੀ ਤਾਂ ਉਹਨਾਂ ਦੀ ਇਸ ਮੰਗ ਨੂੰ ਪੂਰਾ ਕਰਨ ਦਾ ਵਚਨ ਦਿੰਦੇ ਰਹੇ ਹਾਂ ਪਰ ਅੱਜ ਇਸ ਨੂੰ ਪੂਰਾ ਕਰਦਿਆਂ ਸਾਨੂੰ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ।

# ਇੰਕਾ ਵਾਲਿਆਂ ਦੀ ਮੀਟਿੰਗ ਮਾਂ ਅਤੇ ਮਜ਼ਦੂਰ ਦਿਵਸ ਨੂੰ ਸਮਰਪਿਤ ਰਹੀ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)ਬੀਤੇ ਦਿਨੀਂ ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੀ ਮਹੀਨੇ ਵਾਰ ਮੀਟਿੰਗ ਸੰਸਥਾ ਦੇ ਹਾਲ ਵਿੱਚ ਮੈਂਬਰਾਂ ਦੀ ਭਰਪੂਰ ਹਾਜਰੀ ਦੌਰਾਨ ਹੋਈ। ਸਭ ਤੋਂ ਪਹਿਲਾਂ ਸਕੱਤਰ ਨੇ ਹਾਜ਼ਰੀਨ ਨੂੰ ਜੀ ਆਇਆ ਆਖਿਆ। ਇਸ ਤੋਂ ਪਿੱਛੋਂ ਸਤਪਾਲ ਕੌਸ਼ਿਲ ਨੇ ਮਾਂ ਦਿਨ ਅਤੇ ਔਰਤ ਦੀ ਮਹਾਨਤਾ ਬਾਰੇ ਬਹੁਤ ਸਾਰੇ ਪੱਖਾਂ ਤੋਂ ਚਾਨਣਾ ਪਾਇਆ। ਸਰਬਜੀਤ ਰੰਧਾਵਾ ਨੇ ਸਮਾਜਿਕ ਕੁਰੀਤੀਆਂ ਸਬੰਧੀ ਕਵਿਤਾ ਸੁਣਾ ਕੇ ਆਪਣੀ ਹਾਜ਼ਰੀ ਲਗਵਾਈ। ਇਸ ਕਵਿਤਾ ਵਿੱਚ ਉਹਨਾਂ ਕੁਰੀਤੀਆਂ ਨੂੰ ਦੂਰ ਕਰਨ ਦੇ ਉਪਾਅ ਵੀ ਦੱਸੇ। ਜ਼ੀਰੇ ਵਾਲੇ ਕਵੀਸ਼ਰ ਮਾਸਟਰ ਬਚਿੱਤਰ ਸਿੰਘ ਗਿੱਲ ਨੇ ਮਜ਼ਦੂਰ ਦਿਹਾੜੇ ਦੇ ਇਤਿਹਾਸ, ਮਜ਼ਦੂਰਾਂ ਦੀਆਂ ਕੁਰਬਾਨੀਆਂ ਅਤੇ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਇੱਕ ਕਵੀਸ਼ਰੀ ਸੁਣਾ ਕੇ ਵੀ ਚੰਗਾ ਰੰਗ ਬੰਨਿਆ। ਬਿੱਕਰ ਸਿੰਘ ਸੰਧੂ ਨੇ ਆਮ ਜੀਵਨ ਵਿੱਚ ਵਾਪਰ ਰਹੀਆ ਘਟਨਾਵਾਂ ਦਾ ਜ਼ਿਕਰ ਕੀਤਾ ਅਤੇ ਉਹਨਾਂ ਸੁਰੀਲੀ ਆਵਾਜ਼ ਵਿੱਚ ਇੱਕ ਗੀਤ ਵੀ ਸੁਣਾਇਆ। ਕੇਕ ਕੱਟ ਕੇ ਬਜ਼ੁਰਗਾਂ ਦੇ ਜਨਮਦਿਨ ਮਨਾਏ ਗਏ। ਸੰਸਥਾ ਦੇ ਮੈਂਬਰਾਂ ਵੱਲੋਂ ਉਹਨਾਂ ਦੀ ਤੰਦਰੁਸਤੀ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ। ਸੰਸਥਾ ਦੇ ਪ੍ਰਧਾਨ ਮੋਤਾ ਸਿੰਘ ਮਿਨਹਾਸ ਨੇ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ। ਸਟੇਜ ਦਾ ਸੰਚਾਲਨ ਮੇਜਰ ਸਿੰਘ ਧਾਲੀਵਾਲ ਨੇ ਕੀਤਾ। ਇਸ ਮੌਕੇ ਚਾਹ ਪਾਣੀ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।


















# ਪਿਕਨਿਕ ਮਨਾਉਂਦਿਆਂ ਹੀ ਹਾਕਸ ਕਲੱਬ ਵਾਲਿਆਂ ਨੇ ਹਾਕੀ ਦਾ ਕੱਪ ਕਰਵਾਉਣ ਦਾ ਫੈਸਲਾ ਲਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬ ਸਪੋਟਰਸ ਅਤੇ ਹਾਕਸ ਹਾਕੀ ਕੱਲਬ ਦੀ ਸਾਲਾਨਾ ਮੀਟਿੰਗ ਇੱਕ ਪਿਕਨਿਕ ਦੇ ਰੂਪ ਵਿੱਚ ਹੋਈ। ਕੱਲਬ ਦੇ ਮੈਂਬਰਾਂ ਨੇ ਇਸ ਮੀਟਿੰਗ ਤੋਂ ਪਹਿਲਾਂ ਇੱਕ ਵਿਚਾਰ ਆਪਸ ਵਿੱਚ ਸਾਂਝਾ ਕੀਤਾ ਕਿ ਕਲੱਬ ਦੀ ਮੀਟਿੰਗ ਕਰਨ ਲਈ ਮੀਟਿੰਗ ਸਮੇਂ ਮਾਹੌਲ ਸੁਖਾਵਾਂ ਹੋਵੇ ਤਾਂ ਮੀਗ ਦੌਰਾਨ ਲਏ ਜਾਣ ਵਾਲੇ ਫੈਸਲੇ ਪਹਿਲਾਂ ਨਾਲੋਂ ਹੋਰ ਵੀ ਵਧੀਆ ਹੋ ਸਕਦੇ ਹਨ। ਆਖਿਰ ਫੈਸਲਾ ਲਿਆ ਗਿਆ ਮੀਟਿੰਗ ਦਾ ਸਥਾਨ ਬੈਂਫ ਦੀਆਂ ਰਮਣੀਕ ਪਹਾੜੀਆਂ ਵਿਚਕਾਰ ਹੋਣਾ ਚਾਹੀਦਾ ਹੈ। ਸੋ ਇਹ ਮੀਟਿੰਗ ਇੱਕ ਪਿਕਨਿਕ ਦੇ ਰੂਪ ਵਿੱਚ ਹੋਈ ਜਿਸ ਵਿੱਚ ਪੰਜਾਬ ਸਪੋਟਰਸ ਕਲੱਬ ਵੱਲੋਂ ਪਿੱਛੇ ਸਾਲ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਸਾਲ 2024 ਵਿੱਚ 12ਵੇਂ ਹਾਕਸ ਹਾਕੀ ਗੋਲਡ ਕੱਪ ਕਰਾਉਣ ਦਾ ਕੀਤਾ ਫੈਸਲਾ ਜੋ ਮਿਤੀ 30, 31 ਅਗਸਤ ਅਤੇ 1 ਸਤੰਬਰ ਨੂੰ ਕੈਲਗਰੀ ਵਿੱਚ ਹੋਵੇਗਾ। ਹਾਕੀ ਕੱਪ ਸਬੰਧੀ ਹੋਰ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਪੰਜਾਬੀ ਅਖ਼ਬਾਰ ਦੇ ਪਾਠਕਾਂ ਨਾਲ ਸਾਂਝੀ ਕੀਤੀ ਜਾਵੇਗੀ।

# ਹੁਣ ਤੁਸੀਂ ਬੀ ਸੀ ਦੇ ਸਮੁੰਦਰੀ ਕਿਨਾਰਿਆਂ ਉੱਪਰ ਪੈੱਗ-ਸ਼ੈੱਗ ਲਗਾ ਸਕਿਆ ਕਰੋਂਗੇ

ਵੈਨਕੋਵਰ (ਪੰਜਾਬੀ ਅਖ਼ਬਾਰ ਬਿਊਰੋ) ਪਹਿਲੀ ਜੂਨ ਦਿਨ ਸ਼ਨੀਵਾਰ ਤੋਂ ਵੈਨਕੂਵਰ ਦੇ ਸੱਤ ਬੀਚਾਂ ਉੱਪਰ ਅਲਕੋਹਲ ਪੀਣ ਦੀ ਛੋਟ ਮਿਲ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਇਹ ਪਿਛਲੇ ਸਾਲ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਨੂੰ ਹੀ ਰੀ ਪਾਇਲਟ ਪ੍ਰੋਜੈਕਟ ਦੇ ਤੌਰ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਪ੍ਰੋਗਰਾਮ 30 ਸਤੰਬਰ ਤੱਕ ਜਾਰੀ ਰਹੇਗਾ। ਇਹਨਾਂ ਬੀਚਾਂ ਉੱਪਰ ਅਲਕੋਹਲ ਪੀਣ ਵਾਸਤੇ ਕੁੱਝ ਸ਼ਰਤਾਂ ਵੀ ਰੱਖੀਆਂ ਗਈਆਂ ਹਨ ਕਿ ਅਲਕੋਹਲ ਪੀਣ ਵਾਲਿਆਂ ਦੀ ਉਮਰ 19 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਕੱਚ ਦੇ ਗਲਾਸਾਂ ਜਾਂ ਬੋਤਲਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਸਮਾਂ ਸਵੇਰੇ 11 ਵਜੇ ਤੋਂ ਰਾਤ 9 ਵਜੇ ਤੱਕ ਹੀ ਹੋਵੇਗਾ। ਨਿਰਧਾਰਤ ਕੀਤੇ ਗਏ ਸੱਤ ਬੀਚਾਂ ਤੋਂ ਇਲਾਵਾ ਕਿਤੇ ਵੀ ਅਲਕੋਹਲ ਪੀਣ ਦੀ ਇਜਾਜ਼ਤ ਨਹੀਂ ਹੋਵੇਗੀ। ਯਾਨੀ ਕਿ ਨਾ ਤਾਂ ਕਿਸੇ ਪਲੇਗਰਾਊਂਡ, ਆਊਟਡੋਰ ਪੂਲ, ਸਪੋਰਟਸ ਫੀਲਡ, ਕਮਿਊਨਿਟੀ ਸੈਂਟਰ, ਪਾਰਕਿੰਗ ਲਾਟ ਤੇ ਹੋਰ ਕਮਿਊਨਿਟੀ ਪਾਰਕਾਂ ਵਿੱਚ ਅਲਕੋਹਲ ਨਹੀਂ ਪੀਤੀ ਜਾ ਸਕੇਗੀ। ਜਿੰਨਾ ਬੀਚਾਂ ਉੱਪਰ ਅਲਕੋਹਲ ਪੀਣ ਦੀ ਆਗਿਆ ਹੋਵੇਗੀ ਉਹਨਾਂ ਵਿੱਚ ਜੌਨ ਹੈਂਡਰੀ/ਟਰਾਊਟ ਲੇਕ ਬੀਚ, ਜੇਰੀਕੋ ਬੀਚ, ਕਿਟਸੀਲਾਨੋ ਬੀਚ, ਲੋਕਾਰਨੋ ਬੀਚ, ਨਿਊ ਬ੍ਰਾਇਟਨ ਬੀਚ, ਸੈਕੰਡ ਬੀਚ ਅਤੇ ਸਪੈਨਿਸ਼ ਬੈਂਕਸ ਬੀਚ ਸ਼ਾਮਿਲ ਹਨ

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਲੋੜਵੰਦਾਂ ਲਈ ਨਿਸ਼ਕਾਮ ਸੇਵਾ ਅਤੇ ਰਾਸ਼ੀ ਦਾਨ ਕੀਤੀ






ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 27 ਮਈ ਨੂੰ ਵੀਵੋ ਦੇ ਹਾਲ ਵਿਚ ਹੋਈ। ਸੰਸਥਾ ਦੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਦੱਸਿਆ ਕਿ ਬੀਤੀ 23 ਮਈ ਨੂੰ ਇਸ ਸੰਸਥਾ ਦੇ ਮੈਂਬਰਾਂ ਨੇ ਬਤੌਰ ਵਾਲੰਟੀਅਰ ਕੈਲਗਰੀ ਦੇ ਡਰੌਪ-ਇਨ-ਸੈਂਟਰ ਵਿਖੇ ਬੇ-ਘਰੇ, ਲੋੜਵੰਦਾਂ ਨੂੰ ਭੋਜਨ ਛਕਾਉਣ ਦੀ ਨਿਸ਼ਕਾਮ ਸੇਵਾ ਨਿਭਾਈ। ਇਸ ਮੌਕੇ ਸੰਸਥਾ ਵੱਲੋਂ ਸੈਂਟਰ ਨੂੰ ਦੋ ਹਜ਼ਾਰ ਡਾਲਰ ਦਾਨ ਕੀਤੇ ਗਏ। ਸੈਂਟਰ ਦੀ ਪ੍ਰਬੰਧਕ ਲੇਡੀ ਕਾਰਲਾ ਨੇ ਐਨ ਸੀ ਸੀ ਏ ਦੇ ਮੈਂਬਰਾਂ ਦੇ ਇਸ ਦਾਨੀ ਕਾਰਜ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਹ ਸੈਂਟਰ ਉੱਤਰੀ ਅਮਰੀਕਾ ਦੀ ਸਭ ਤੋਂ ਵੱਡੀ ਅਜੇਹੀ ਸੰਸਥਾ ਹੈ ਜਿੱਥੇ ਕੋਈ 1500 ਤੋਂ ਵੀ ਵੱਧ ਲੋੜਵੰਦਾਂ ਦੀ ਭੋਜਨ-ਪੂਰਤੀ ਅਤੇ ਰਾਤ-ਕਟੀ ਦੇ ਸਹਾਰੇ ਸਣੇ ਕਈ ਤਰ੍ਹਾਂ ਦੀ ਸੰਭਾਲ ਕੀਤੀ ਜਾਂਦੀ ਹੈ। ਸੁਰਿੰਦਰਜੀਤ ਪਲਾਹਾ ਨੇ ਇਸ ਕਾਰਜ ਲਈ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਖੁਲਾਸਾ ਕੀਤਾ ਕਿ ਮਾਨਵਤਾ ਦੀ ਨਿਸ਼ਕਾਮ ਸੇਵਾ ਕਰਨਾ ਆਪਣੀ ਐਸੋਸੀਏਸ਼ਨ ਦਾ ਸਰਵੋਤਮ ਉਦੇਸ਼ ਹੈ। ਐਸੋਸੀਏਸ਼ਨ ਦੀ ਮੀਟਿੰਗ ਸਮੇਂ ਮਈ ਮਹੀਨੇ ਵਿਚ ਪੈਂਦੇ ਜਨਮ ਦਿਨ ਵਾਲੇ ਇਨ੍ਹਾਂ ਮੈਂਬਰਾਂ ਮਨਜੀਤ ਕੌਰ ਮਿਨਹਾਸ, ਸ਼ਮਿੰਦਰ ਸਿੰਘ ਕੰਮੋਹ, ਯਾਦਵਿੰਦਰ ਸਿੰਘ ਸਿੱਧੂ, ਸੁਰਿੰਦਰ ਸਿੰਘ ਪਰਹਾਰ, ਗੁਰਦਿਆਲ ਸਿੰਘ ਖਹਿਰਾ, ਸੁਰਿੰਦਰ ਕਾਲੀਆ ਅਤੇ ਰਾਜਿੰਦਰਪਾਲ ਸੈਣੀ ਦੇ ਜਨਮ ਦਿਨ ਮਨਾਏ ਗਏ। ਮੁੱਖ ਮਹਿਮਾਨ ਕਲਾਕਾਰ, ਪਟਿਆਲਾ ਘਰਾਣੇ ਦੇ ਕਲਾਸੀਕਲ ਵੋਕਲ ਮਿਊਜ਼ਿਕ ਦੇ ਉਸਤਾਦ ਰਿਸ਼ੀ ਕਾਂਤ ਬਾਲੀ ਨੇ ਕਮਾਲ ਦੀਆਂ ਸੁਰਾਂ ਨਾਲ ਤਿੰਨ ਗੀਤ ਗਾ ਕੇ ਜਾਦੂਮਈ ਸੰਗੀਤ ਦੀ ਵਰਖਾ ਕੀਤੀ।

ਹੁਣ ਤਾਂ ਮੇਰੇ ਦੁੱਖਾਂ ਉਤੇ ਦੁੱਖ ਵੀ ਮਰਦੇ ਨੇ,
ਸੋਹਣਿਆਂ ਵੇ ਮੁੱਖ ਤੇਰਾ ਸੱਜਰੀ ਸਵੇਰ ਏ,
ਐਨ ਇਸ਼ਕ ਜਿਨ੍ਹਾਂ ਨੂੰ ਲੱਗ ਜਾਂਦਾ ਸੁੱਕ ਜਾਂਦੇ ਨੇ ਵਾਂਗ ਕਾਨਿਆਂ ਦੇ।

ਦਰਸ਼ਕਾਂ ਦੀਆਂ ਤਾੜੀਆਂ ਨੇ ਹਾਲ ਨੂੰ ਗੂੰਜਣ ਲਾ ਦਿੱਤਾ। ਕੌਂਸਲਰ ਰਾਜ ਧਾਲੀਵਾਲ ਨੇ ਮਕਾਨਾਂ ਬਾਰੇ ਰੀ-ਜ਼ੋਨਿੰਗ ਪਾਲਿਸੀ ਦੀ ਵਿਆਖਿਆ ਕੀਤੀ ਅਤੇ ਇਸ ਬਾਰੇ ਫੈਲਾਈ ਜਾ ਰਹੀ ਗ਼ਲਤ ਜਾਣਕਾਰੀ ਤੋਂ ਸੁਚੇਤ ਰਹਿਣ ਦੀ ਲੋੜ ਤੇ ਜ਼ੋਰ ਦਿੱਤਾ। ਸਰਬਜੀਤ ਸਿੰਘ ਰੰਧਾਵਾ ਨੇ ਵਿਅੰਗਮਈ ਕਵਿਤਾ ਰਾਹੀਂ ਭੋਂ-ਹੇਰਵੇ ਦੀ ਤਸਵੀਰ ਖਿੱਚੀ। ਬਿੱਕਰ ਸਿੰਘ ਸੰਧੂ ਦੀ ਕਵਿਤਾ -ਅੱਜ ਇੱਕ ਬੂਟਾ ਪੁੱਟ ਕੇ ਰੋਇਆ - ਵਿਚਾਰ ਮਗਨ ਕਰ ਗਈ। ਜਰਨੈਲ ਤੱਗੜ ਦੀ ਗ਼ਜ਼ਲ - ਸੱਚ 'ਤੇ ਜਦ ਵੀ ਚਾਦਰ ਤਾਣੀ ਜਾਂਦੀ ਹੈ - ਸੋਚੀਂ ਪਾ ਗਈ। ਸੁਰਿੰਦਰ ਕੁਮਾਰ ਕਾਲੀਆ ਨੇ ਲੋਕ ਗੀਤ - ਚੰਨ ਕਿੱਦਾਂ ਗੁਜ਼ਾਰੀ ਆ ਈ ਰਾਤ ਵੇ- ਪੇਸ਼ ਕੀਤਾ, ਕਰਮ ਸਿੰਘ ਭੁੱਲਰ ਨੇ ਪਾਤਰ ਦੀ ਨਜ਼ਮ - ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਅਤੇ ਉੱਥੇ ਰੰਗਕਰਮੀ ਵਿਜੈ ਸਚਦੇਵਾ ਨੇ ਪਾਤਰ ਦਾ ਗੀਤ - ਅਸਾਡੀ ਤੁਹਾਡੀ ਮੁਲਾਕਾਤ ਹੋਈ, ਤਰੱਨਮ ਵਿਚ ਗਾ ਕੇ ਮਰਹੂਮ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੱਤੀ। ਵਾਰਿਸ ਸ਼ਾਹ ਦੀ ਹੀਰ ਰਵਾਇਤੀ ਗਾਇਕੀ ਵਿਚ ਵਖਰੇ ਤਰੀਕੇ ਨਾਲ ਕਿਵੇਂ ਗਾਈ ਜਾਂਦੀ ਹੈ, ਇਸ ਦੀ ਮਿਸਾਲ ਜਨਾਬ ਮੁਨੱਵਰ ਅਹਿਮਦ ਨੇ ਇਹ ਬੈਂਤ ਗਾ ਕੇ ਬਾ-ਖ਼ੂਬੀ ਪੇਸ਼ ਕੀਤੀ - ਹੀਰ ਆਖਦੀ ਜੋਗੀਆ ਝੂਠ ਬੋਲੇਂ, ਕੌਣ ਰੁੱਠੜੇ ਯਾਰ ਮਨਾਂਵਦਾ ਈ। ਉਸ ਨੇ ਪੰਜਾਬੀਆਂ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਸੁਚੇਤ ਕੀਤਾ। ਮਾਂ-ਬੋਲੀ ਜੇ ਛੱਡੇ ਕੋਈ, ਜੱਗ ਵਿਚ ?ਹਦੀ ਕਿਤੇ ਨਾ ਢੋਈ। ਸਰਦਾਰ ਤਾਰਿਕ ਮਲਿਕ ਨੇ ਮੁਹੱਬਤ ਬਾਰੇ ਚੋਣਵੇਂ ਉਮਦਾ ਸ਼ੇਅਰ ਪੇਸ਼ ਕੀਤੇ - ਮੁਹੱਬਤੋਂ ਕੀ ਕੋਈ ਸਰਹਦ ਨਹੀਂ ਹੋਤੀ, - ਮੁਹੱਬਤ ਬੇ-ਲਗਾਵਤ ਔਰ ਖ਼ਾਲਿਸ ਮਿਲ ਨਹੀਂ ਸਕੀ, -' ਆਗਾਜ਼ -ਏ-ਮੁਹੱਬਤ ਸੇ ਅੰਜਾਮ-ਏ-ਮੁਹੱਬਤ ਤੱਕ, ਇਕ ਆਗ ਕਾ ਦਰਿਯਾ ਹੈ ਔਰ ਡੂਬ ਕੇ ਜਾਨਾ ਹੈ।' ਇਸ ਉਪਰ ਸੁਰਿੰਦਰਜੀਤ ਪਲਾਹਾ ਨੇ ਢੁਕਵੀਂ ਟਿੱਪਣੀ ਕੀਤੀ ਕਿ ਆ? ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਮੁਹੱਬਤ ਕਰੀਏ। ਭਜਨ ਸਿੰਘ ਸੱਗੂ ਅਤੇ ਜੋਗਾ ਸਿੰਘ ਲੈਹਲ ਨੇ ਆਪੋ ਆਪਣੇ ਅੰਦਾਜ਼ ਵਿਚ ਹਾਸ ਰਸ ਬਿਖੇਰਿਆ। ਜਗਦੇਵ ਸਿੱਧੂ ਨੇ ਹਾਦਸਿਆਂ ਵਿੱਚੋਂ ਉਭਰਨ ਦੀ ਤੁਲਨਾ ਕੁਕਨੂਸ ਨਾਲ ਕੀਤੀ। ਸਾਰੀ ਕਾਰਵਾਈ ਨੂੰ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਦਿਲਚਸਪ ਤਰੀਕੇ ਨਾਲ ਚਲਾਇਆ। ਪ੍ਰਬੰਧਕੀ ਮੈਂਬਰਾਂ ਅਤੇ ਬੀਬੀਆਂ ਵੱਲੋਂ ਮੀਟਿੰਗ ਨੂੰ ਯਾਦਗਾਰੀ ਬਨਾਉਣ ਲਈ ਪਾਏ ਯੋਗਦਾਨ ਸਦਕਾ ਉਨ੍ਹਾਂ ਦੀ ਸਿਫ਼ਤ ਕਰਨੀ ਬਣਦੀ ਹੈ।

# "ਮੈਂ ਲਾਹੌਰ ਤੋਂ ਬੋਲਦਾਂ" ਆਲਾ ਗਿੱਲ ਰੌਂਤਾ 16 ਜੂਨ 2024 ਨੂੰ ਕੈਲਗਰੀ ਵਿੱਚ ਬੋਲੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਦੇ ਨਾਮਵਰ ਗੀਤਕਾਰ ਗਿੱਲ ਰੌਂਤਾ ਦੀ ਬਹੁ ਚਰਚਿੱਤ ਕਿਤਾਬ, ਹੈਲੋ! ਮੈਂ ਲਾਹੌਰ ਤੋਂ ਬੋਲਦਾ ਹਾਂ ਕੈਲਗਰੀ ਵਾਸੀਆਂ ਦੇ ਸਨਮੁੱਖ ਹੋਣ ਜਾ ਰਹੀ ਹੈ। ਅਨੋਖੀ ਕਿਸਮ ਦੇ ਕਿਤਾਬ ਰਿਲੀਜ ਸਮਾਰੋਹ ਬਾਰੇ ਗਿੱਲ ਰੌਂਤਾ ਦਾ ਕਹਿਣਾ ਹੈ, ਕਿ ਆਪਣੀ ਇਸ ਕਿਤਾਬ ਦਾ ਪਹਿਲਾ ਪ੍ਰੋਗਰਾਮ ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜਾ ਭਾਸ਼ਾ ਵਿਭਾਗ ਫ਼ਿਰੋਜ਼ਪੁਰ, ਤੀਜਾ ਖ਼ਾਲਸਾ ਕਾਲਜ ਅੰਮ੍ਰਿਤਸਰ, ਚੌਥਾ ਦੁਬਈ ਤੇ ਹੁਣ ਚੈਪਟਰ ਪੰਜਵਾਂ ਕੈਲਗਰੀ ਕਨੇਡਾ ਵਿਖੇ 16 ਜੂਨ ਨੂੰ ਹੋਣ ਜਾ ਰਿਹਾ ਹੈ। ਮੈਨੂੰ ਖ਼ੁਸ਼ੀ ਵੀ ਆ ਤੇ ਮਾਣ ਵੀ ਐ ਕਿ ਤੁਹਾਡੇ ਕਿਤਾਬ ਨੂੰ ਬਖਸ਼ੇ ਪਿਆਰ ਕਰਕੇ ਆਪਣੀ ਕਿਤਾਬ ਦਾ ਪਹਿਲੀ ਵਾਰ ਤੇ ਕਿਸੇ ਵੀ ਪੰਜਾਬੀ ਕਿਤਾਬ ਦਾ ਪਹਿਲੀ ਵਾਰ ਟਿਕਟ ਤੇ ਪ੍ਰੋਗਰਾਮ ਹੋਣ ਜਾ ਰਿਹਾ ਹੈ। ਪਰੋਗਰਾਮ ਸਬੰਧੀ ਜਾਣਕਾਰੀ ਦਿੰਦੇ ਹੋਏ ਕੁਲਵੰਤ ਨਾਹਲ ਰੌਂਤਾ, ਮਨਪ੍ਰੀਤ ਗਿੱਲ ਅਤੇ ਗੁਰਲਾਲ ਗਿੱਲ ਮਾਣੂੰਕੇ ਵਾਲਿਆਂ ਨੇ ਦੱਸਿਆ 16 ਜੂਨ 2024 ਦੇ ਇਸ ਪ੍ਰੋਗਰਾਮ ਸਬੰਧੀ ਕੈਲਗਰੀ ਵਾਸੀਆਂ ਵਿੱਚ ਬਹੁਤ ਉਤਸੁਕਤਾ ਦੇਖੀ ਜਾ ਰਹੀ ਹੈ।


ਟਿਕਟਾਂ ਦੀ ਗਿਣਤੀ ਸੀਮਿਤ ਜਿਹੀ ਹੈ। ਪ੍ਰੋਗਰਾਮ ਦੇ ਚਾਹਵਾਨ ਕੈਲਗਰੀ ਵਾਸੀ ਆਪਣੀਆਂ ਸੀਟਾਂ ਹੁਣੇ ਬੁੱਕ ਕਰਵਾ ਲੈਣ ਤਾਂ ਕਿ ਮੌਕੇ ਉੱਪਰ ਸੀਟਾਂ ਦੀ ਗਿਣਤੀ ਸੀਮਿਤ ਹੋਣ ਕਾਰਣ ਬਿਨਾ ਪਰੋਗਰਾਮ ਦੇਖੇ ਨਿਰਾਸ ਨਾ ਮੁੜਨਾ ਪਵੇ। ਟਿਕਟਾਂ ਲੈਣ ਜਾਂ ਕਿਸੇ ਹੋਰ ਜਾਣਕਾਰੀ ਲਈ ਤੁਸੀਂ ਪੋਸਟਰ ਤੇ ਦਿੱਤੇ ਨੰਬਰਾਂ ਤੇ ਗੱਲ-ਬਾਤ ਕਰ ਸਕਦੇ ਹੋ

# ਫੌਜ ਵੱਲੋਂ ਸੁਰੱਖਿਅਤ ਜ਼ੋਨ ਐਲਾਨੇ ਗਏ ਸ਼ਰਨਾਰਥੀ ਕੈਂਪ ਉੱਪਰ ਹਮਲੇ ਦੌਰਾਨ 45 ਮੌਤਾਂ ਹੋਈਆਂ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਗਾਜ਼ਾ ਦੇ ਸ਼ਰਨਾਰਥੀ ਕੈਂਪ 'ਤੇ ਹੋਏ ਇਜ਼ਰਾਈਲ ਦੁਆਰਾ ਕੀਤੇ ਗਏ ਹਵਾਈ ਹਮਲੇ ਵਿੱਚ 45 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਹਨ। ਫਲਸਤੀਨੀ ਸਿਹਤ ਮੰਤਰਾਲੇ ਦਾ ਦਾਅਵਾ ਹੈ ਕਿ ਇਹ ਹਮਲਾ ਇਜ਼ਰਾਈਲ ਵੱਲੋਂ ਕੀਤਾ ਗਿਆ ਸੀ। ਹਮਲੇ 'ਚ ਦਰਜਨਾਂ ਲੋਕ ਜ਼ਖ਼ਮੀ ਵੀ ਹੋਏ ਹਨ।ਜਾਣਕਾਰੀ ਮੁਤਾਬਕ ਗਾਜ਼ਾ ਦੇ ਅਧਿਕਾਰੀਆਂ ਅਤੇ ਫਲਸਤੀਨ ਰੈੱਡ ਕਰਾਸ ਸੋਸਾਇਟੀ ਨੇ ਕਿਹਾ ਕਿ ਹਮਲਾ ਇੱਕ ਸ਼ਰਨਾਰਥੀ ਕੈਂਪ 'ਤੇ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਇਜ਼ਰਾਈਲ ਦੇ ਕਬਜ਼ੇ ਵਾਲੇ ਇਨ੍ਹਾਂ ਇਲਾਕਿਆਂ ਨੂੰ ਫੌਜ ਵੱਲੋਂ ਸੁਰੱਖਿਅਤ ਜ਼ੋਨ ਐਲਾਨਿਆ ਗਿਆ ਸੀ, ਪਰ ਜਦੋਂ ਉਜਾੜੇ ਗਏ ਲੋਕਾਂ ਨੂੰ ਇੱਥੇ ਰੱਖਿਆ ਗਿਆ ਤਾਂ ਉਨ੍ਹਾਂ 'ਤੇ ਹਮਲਾ ਕੀਤਾ ਗਿਆ। ਇਸ ਦੇ ਨਾਲ ਹੀ ਇਜ਼ਰਾਈਲ ਡਿਫੈਂਸ ਫੋਰਸ (ਆਈ ਡੀ ਐੱਫ) ਨੇ ਹਮਲੇ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਉਸ ਨੇ ਰਫਾਹ 'ਚ ਹਮਾਸ ਦੇ ਉਸ ਕੰਪਾਊਂਡ 'ਤੇ ਹਮਲਾ ਕੀਤਾ, ਜਿਸ 'ਚ ਕੁਝ ਸਮਾਂ ਪਹਿਲਾਂ ਹਮਾਸ ਦੇ ਅੱਤਵਾਦੀ ਕੰਮ ਕਰ ਰਹੇ ਸਨ। ਵਰਨਣਯੋਗ ਹੈ ਇੱਕ ਦਿਨ ਪਹਿਲਾਂ ਗਾਜ਼ਾ ਵੱਲੋਂ ਕੀਤੇ ਰਾਕੇਟ ਹਮਲੇ ਮਗਰੋਂ ਪਿਛਲੇ ਕਈ ਮਹੀਨਿਆਂ ਵਿੱਚ ਪਹਿਲੀ ਵਾਰ ਤਲ ਅਵੀਵ ਸਮੇਤ ਮੱਧ ਇਜ਼ਰਾਈਲ ਵਿੱਚ ਰਾਕੇਟ ਸਾਇਰਨ ਸੁਣਾਈ ਦਿੱਤੇ। ਹਮਲੇ ਦੀ ਜ਼ਿੰਮੇਵਾਰੀ ਹਮਾਸ ਨੇ ਲਈ ਹੈ। ਜੰਗ ਦੇ ਸੱਤ ਮਹੀਨਿਆਂ ਤੋਂ ਵੱਧ ਸਮੇਂ ਤੋਂ ਬਾਅਦ ਵੀ ਗਾਜ਼ਾ ਦੇ ਆਲੇ ਦੁਆਲੇ ਅਤਿਵਾਦੀ ਹਮਲੇ ਜਾਰੀ ਹਨ ਪਰ ਬੀਤੇ ਮਹੀਨਿਆਂ ਤੋਂ ਉਨ੍ਹਾਂ ਲੰਮੀ ਦੂਰੀ ਵਾਲੇ ਰਾਕੇਟ ਨਹੀਂ ਦਾਗੇ ਸਨ।

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Sidhu Accounting & Financial Services

Accounting Services
• Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads

First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

## ਸੰਪਾਦਕੀ



ਪਰਵਾਸ ਵਿਸ਼ਵੀਕਰਨ ਦਾ ਅਹਿਮ ਹਿੱਸਾ ਹੈ, ਤੁਸੀਂ ਇਸ ਨੂੰ ਰੋਕ ਨਹੀਂ ਸਕਦੇ।

-ਮਾਰਗਰੇਟ ਹਾਜ

# ਅਬ ਕੀ ਬਾਰ- ਕਿੰਨੇ ਕੁ ਪਾਰ

ਬੀਤੀ 1 ਜੂਨ ਵਾਲੇ ਦਿਨ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵੱਜੋਂ ਜਾਣੇ ਜਾਂਦੇ ਮੇਰੇ ਭਾਰਤ ਮਹਾਨ ਅੰਦਰ ਵੋਟਾਂ ਦੇ ਤਿਓਹਾਰ ਵੱਜੋਂ ਜਾਣਿਆ ਜਾਂਦਾ ਇੰਡੀਆ ਇਲੈਕਸ਼ਨ 2024 ਲੰਘ ਕੇ ਹਟਿਆ ਹੈ। ਰਾਜਨੀਤਕ ਲੋਕਾਂ ਦੀ ਗਿੱਠ ਗਿੱਠ ਲੰਮੀਆਂ ਜੀਭਾਂ ਝੂਠ ਅਤੇ ਲਾਰਿਆਂ ਨਾਲ ਲਬਰੇਜ ਹੋਈਆਂ ਵੋਟਰਾਂ ਨਾਲ ਖਹਿੰਦੀਆਂ ਰਹੀਆਂ। ਕੋਈ ਕਹਿੰਦਾ ਸੀ ਅਬ ਕੀ ਬਾਰ -400 ਪਾਰ ,ਪਰ 240 ਦਾ ਅੰਕੜਾ ਦਿਲ ਖੜਾਉਣ ਲਈ ਕਾਫੀ ਨਹੀਂ ਹੈ। ਪੰਜਾਬ ਵਿੱਚ 13-0 ਦੇ ਦਾਅਵਿਆਂ ਦਾ ਸਾਥ ਵੀ 1 ਨੇ ਨਹੀਂ ਦਿੱਤਾ ਸਗੋਂ ਇਕੱਲੇ 3 ਨੂੰ ਹੀ ਸਬਰ ਕਰਨਾ ਪਿਆ। ਕਾਗਰਸ 6 ਤੋਂ 7 ਦਾਅਵਿਆਂ ਵਾਲੀ ਹੋਈ ਪਰ 25 ਸਾਲ ਰਾਜ ਕਰਨ ਵਾਲੇ ਬਠਿੰਡਾ ਸੀਟ ਤੋਂ ਆਪਣੇ ਹੋਂਦ ਬਚਾਉਂਦੇ ਹੋਏ ਬਾਕੀ ਪੂਰੇ ਪੰਜਾਬ ਵਿੱਚ ਚੌਥੇ ਪੰਜਵੇਂ ਸਥਾਨ ਉੱਪਰ ਪਹੁੰਚ ਗਏ। ਭਾਜਪਾ ਪੰਾਬ ਅੰਦਰ 6 ਪ੍ਰਤੀਸਤ ਤੋਂ ਵਧਕੇ 17 ਪ੍ਰਤੀਸਤ ਵੱਲ ਵਧ ਗਈ। ਆਪ ਵਾਲਿਆਂ ਨੂੰ ਪੰਜਾਬ ਅੰਦਰ ਕਾਂਗਰਸ ਨਾਲ ਸਮਝੌਤਾ ਨਾ ਕਰਨਾ ਘਾਟੇ ਦਾ ਸੌਦਾ ਰਿਹਾ। ਦੋ ਆਜਾਦ ਉਮੀਂਦਵਾਰਾਂ ਦਾ ਪੰਥਕ ਵੋਟ ਦੇ ਹੁਲਾਰੇ ਨਾਲ ਜੇਤੂ ਰਹਿਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਦੇ ਲੋਕ ਪੂਰੇ ਭਾਰਤ ਅੰਦਰ ਕਾਂਗਰਸ ਦੀ ਸਥਿੱਤੀ ਸੁਧਰੀ ਹੈ ।ਇੰਡੀਆ ਗੱਠਜੋੜ ਵਾਲਿਆਂ ਨੂੰ ਮੋਦੀ ਸਾਹਿਬ ਵੱਲੋਂ ਹਲਕੇ ਵਿੱਚ ਲਿਆ ਜਾ ਰਿਹਾ ਸੀ ਪਰ 235 ਸੀਟਾਂ ਦੀ ਗਿਣਤੀ ਹੁਣ ਸਾਇਦ ਤ੍ਰਾਹ ਕੱਢ ਰਹੀ ਹੋਵੇ ਕਿ ਬਚ ਗਏ ਮਾਰ ਛੱਡਣਾ ਸੀ ਜੇ ਕਿਤੇ----। ਇਹਨਾਂ ਚੋਣਾਂ ਦੌਰਾਨ ਨਤੀਜੇ ਪਿਛਲੀਆਂ ਚੋਣਾ ਨਾਲੋਂ ਵੱਖਰੇ ਹਨ । ਯੂ ਪੀ ਵਿੱਚ ਭਾਜਪਾ ਦਾ ਪੱਲੜਾ ਹਲਕਾ ਪਿਆ। ਹਿਮਾਚਲ ਪ੍ਰਦੇਸ, ਮੱਧ ਪ੍ਰਦੇਸ ਵਿੱਚ ਭਾਜਪਾ ਦਾ ਕਮਲ ਪੂਰੇ ਜਲੌਅ ਨਾਲ ਖਿੜਿਆ ਹੈ । ਪਰ ਐਨ ਡੀ ਏ ਗੱਠਜੋੜ ਦਾ 352 ਤੋਂ 290 ਉੱਪਰ ਆ ਜਾਣਾ ਚੋਣਾਂ ਤੋਂ ਪਹਿਲਾਂ ਕੀਤੇ ਦਾਅਵਿਆਂ ਦਾ ਮੂੰਹ ਚਿੜਾਉਂਦਾ ਦਿਸਦਾ ਹੈ। ਭਾਵੇਂ ਐਨ ਡੀ ਏ ਸਰਕਾਰ ਬਣਾਉਣ ਦੇ ਨੇੜੇ ਤਾਂ ਜਾ ਰਿਹਾ ਹੈ ਪਰ ਜੇਕਰ ਜੇ ਡੀ ਯੂ ਅਤੇ ਤੇਲਗੂ ਦੇਸਮ ਪਾਰਟੀ ਐਨ ਡੀ ਏ ਤੋਂ ਦੂਰੀ ਬਣਾ ਲੈਂਦੇ ਹਨ ਤਾਂ ਕਹਾਣੀ ਕੁੱਝ ਵੀ ਬਣ ਸਕਦੀ ਹੈ। ਇਸ ਕਾਰਨ ਇਹ ਹੈ ਕਿ ਐਨ ਡੀ ਏ 290 ਸੀਟਾਂ ਉੱਤੇ ਅੱਗੇ ਚੱਲ ਰਿਹਾ ਸੀ ਜਦਕਿ ਇੰਡੀਆ ਗੱਠਜੋੜ 230 ਸੀਟਾਂ ਉੱਤੇ ਅੱਗੇ ਚੱਲ ਰਿਹਾ ਸੀ। ਜੇਕਰ ਇੰਡੀਆ ਗੱਠਜੋੜ ਵੱਲੋਂ ਜੇ ਡੀ ਯੂ ਅਤੇ ਤੇਲਗੂ ਦੇਸਮ ਨੂੰ ਵੱਡੀ ਪੇਸ਼ਕਸ਼ ਮਿਲ ਜਾਂਦੀ ਹੈ ਤਾਂ ਹਾਲਾਤ ਕੁੱਝ ਵੀ ਹੋ ਸਕਦੇ ਹਨ।ਪੰਜਾਬ ਵਿੱਚ ਇਸ ਵਾਰ ਜਿਹੜੇ ਨਤੀਜੇ ਸਾਹਮਣੇ ਆਏ ਹਨ, ਉਨ੍ਹਾਂ ਨਤੀਜਿਆਂ ਤੋਂ ਕਾਂਗਰਸ ਨੂੰ ਖ਼ੁਸ਼ ਹੋਣ ਦਾ ਮੌਕਾ ਹੈ। ਜਦਕਿ ਆਮ ਆਦਮੀ ਪਾਰਟੀ ਜੋ ਕਿ ਢਾਈ ਸਾਲ ਤੋਂ ਸੱਤਾ ਵਿੱਚ ਹੈ ਉਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਹਾਲਾਂਕਿ ਉਸ ਨੂੰ ਤਿੰਨ ਸੀਟਾਂ ਮਿਲ ਵੀ ਰਹੀਆਂ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਸੀ ਕਿ ਪਾਰਟੀ 13 ਦੀਆਂ 13 ਸੀਟਾਂ ਜਿੱਤਣ ਜਾ ਰਹੀ ਹੈ। ਇਸ ਲਈ ਉਸ ਨੇ 5 ਮੰਤਰੀ ਵੀ ਚੋਣ ਮੈਦਾਨ ਵਿੱਚ ਉਤਾਰੇ ਉਨ੍ਹਾਂ ਵਿੱਚੋਂ ਸਿਰਫ਼ ਮੀਤ ਹੇਅਰ ਨੇ ਜਿੱਤ ਦਰਜ ਕਰਵਾਈ ਹੈ। ਇੱਕ ਵਿਧਾਇਕ ਡਾ: ਰਾਜ ਕੁਮਾਰ ਚੱਬੇਵਾਲ ਵੀ ਜਿੱਤਿਆ ਹੈ ਪਰ ਉਹ ਚੋਣਾਂ ਤੋਂ ਪਹਿਲਾਂ ਤੱਕ ਕਾਂਗਰਸ ਦਾ ਵਿਧਾਇਕ ਸੀ। ਇਸ ਲਈ ਪੰਜਾਬੀਆਂ ਨੂੰ ਹੁਣ ਜ਼ਿਮਨੀ ਚੋਣਾਂ ਦੀ ਵੀ ਤਿਆਰੀ ਕਰਨੀ ਪਵੇਗੀ ਕਿਉਂਕਿ ਇੱਕ ਮੰਤਰੀ ਅਤੇ ਤਿੰਨ ਵਿਧਾਇਕ ਜਿਨ੍ਹਾਂ ਵਿੱਚ ਦੋ ਕਾਂਗਰਸ ਦੇ ਹਨ, ਮੈਂਬਰ ਪਾਰਲੀਮੈਂਟ ਬਣ ਗਏ ਹਨ। ਅਜਿਹੇ ਵਿੱਚ ਹੁਣ ਫਿਰ ਆਮ ਆਦਮੀ ਪਾਰਟੀ ਨੂੰ ਖ਼ਾਸ ਤੌਰ ਉੱਤੇ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਇਨ੍ਹਾਂ ਚੋਣਾਂ ਆਮ ਆਦਮੀ ਪਾਰਟੀ ਨੂੰ ਇਸ ਗੱਲ ਦੀ ਆਸ ਸੀ ਕਿ ਪੰਜਾਬ ਦੇ ਲੋਕ ਉਸ ਨੂੰ ਉਸੇ ਪ੍ਰਕਾਰ ਹੁੰਗਾਰਾ ਦੇਣਗੇ ਜਿਵੇਂ ਉਸ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮਿਲਿਆ ਸੀ। ਪ੍ਰਚਾਰ ਦੌਰਾਨ 300 ਯੂਨਿਟ ਮੁਆਫ਼ ਕੀਤੇ ਜਾਣ ਦਾ ਪ੍ਰਚਾਰ ਵੀ ਕੀਤਾ ਪਰ ਲੋਕਾਂ ਦੁਆਰਾ ਮਹਿਲਾਵਾਂ ਨੂੰ 1000-1000 ਰੁਪਏ ਦਿੱਤੇ ਜਾਣ ਦਾ ਮੁੱਦਾ ਉਠਾਇਆ ਜਾਂਦਾ ਰਿਹਾ। ਠੀਕ ਹੈ ਕਿ ਭਗਵੰਤ ਮਾਨ ਸਰਕਾਰ ਨੇ ਲੋਕ ਭਲਾਈ ਦੇ ਕੰਮ ਵੀ ਕੀਤੇ ਪਰ ਹਕੀਕਤ ਵਿਚ ਪ੍ਰਚਾਰ ਜ਼ਿਆਦਾ ਰਿਹਾ ਪਰ ਲੋਕਾਂ ਨੂੰ ਉਨ੍ਹਾਂ ਦਾ ਫ਼ਾਇਦਾ ਘੱਟ ਮਿਲਿਆ। ਇਸ ਲਈ ਆਪ ਲਈ ਸੋਚਣ ਦੀ ਘੜੀ ਹੈ ਅਤੇ ਲੀਡਰਾਂ ਨੂੰ ਸ਼ੈਲੀ ਬਦਲਣ ਦੀ ਲੋੜ ਹੈ। ਸਭ ਤੋਂ ਨਮੋਸ਼ੀ ਅਕਾਲੀ ਦਲ ਨੂੰ ਦੇਖਣੀ ਪਈ ਹੈ। ਭਾਵੇਂ ਬਠਿੰਡਾ ਸੀਟ ਉਸ ਦੁਆਰਾ ਜਿੱਤ ਲਈ ਗਈ ਹੈ ਪਰ ਬਾਕੀ ਸੀਟਾਂ ਉੱਤੇ ਉਹ ਚੌਥੇ ਜਾਂ ਪੰਜਵੇਂ ਸਥਾਨ ਉੱਤੇ ਚਲੀ ਗਈ ਹੈ। ਇਸ ਲਈ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੇ ਜਿਹੜੀ ਵਿਸ਼ਵਾਸਯੋਗਤਾ ਗੁਆਈ ਹੈ, ਉਸ ਨੂੰ ਉਹ ਹਾਲੇ ਤੱਕ ਹਾਸਲ ਨਹੀਂ ਕਰ ਸਕੇ। ਭਾਰਤੀ ਜਨਤਾ ਪਾਰਟੀ ਨੂੰ ਇਸ ਚੋਣ ਵਿੱਚ ਕੋਈ ਸੀਟ ਨਹੀਂ ਮਿਲੀ ਪਰ ਉਸ ਦੇ ਉਮੀਦਵਾਰ ਕੁੱਝ ਹਲਕਿਆਂ ਵਿੱਚ ਦੂਜੇ ਸਥਾਨ ਉੱਤੇ ਰਹੇ। ਇਸ ਲਈ 2027 ਦੀਆਂ ਚੋਣਾਂ ਲਈ ਇਹ ਉਸ ਦੇ ਲਈ ਸ਼ੁੱਭ ਸ਼ਗਨ ਹੈ। ਪਰ ਫਿਰ ਵੀ ਇਨ੍ਹਾਂ ਚੋਣਾਂ ਨੇ ਸਾਰੀਆਂ ਪਾਰਟੀਆਂ ਨੂੰ ਸਬਕ ਦਿੱਤੇ ਹਨ ਕਿ ਉਹ ਸਿਰਫ਼ ਜੁਮਲੇਬਾਜ਼ੀ ਤੋਂ ਕੰਮ ਨਾ ਲੈਣ ਬਲਕਿ ਹਕੀਕਤ ਵਿੱਚ ਵੀ ਕੁੱਝ ਕਰ ਕੇ ਦਿਖਾਉਣ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਨਰੇਂਦਰ ਮੋਦੀ 2014 - 2024



ਗੁਰਮੀਤ ਸਿੰਘ ਪਲਾਹੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ 2014-2024 ਦੌਰਾਨ ਆਪਣੇ ਭਾਸ਼ਨਾਂ, ਆਪਣੇ ਕੀਤੇ ਕੰਮਾਂ ਕਾਰਨ ਦੇਸ਼-ਵਿਦੇਸ਼ ਵਿੱਚ ਪੂਰੀ ਤਰ੍ਹਾਂ ਛਾਇਆ ਰਿਹਾ। ਇਹਨਾ ਦਸ ਵਰ੍ਹਿਆਂ 'ਚ ਦੇਸ਼ ਵਿੱਚ ਤਿੰਨ ਲੋਕ ਸਭਾ ਚੋਣਾਂ ਅਤੇ ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੋ ਜਾਂ ਤਿੰਨ ਵੇਰ ਹੋਈਆਂ ਅਤੇ ਭਾਜਪਾ ਦੇ ਮੁੱਖ ਵਕਤਾ ਵਜੋਂ ਉਸਨੇ ਹਜ਼ਾਰਾਂ ਭਾਸ਼ਨ ਦਿੱਤੇ। ਉਸਦੇ ਭਾਸ਼ਨਾਂ ਦੀ ਵੰਨਗੀ ਵੇਖੋ, "ਮਹਾਤਮਾ ਗਾਂਧੀ ਨੂੰ ਦੁਨੀਆ ਵਿੱਚ ਉਦੋਂ ਤੱਕ ਕੋਈ ਨਹੀਂ ਸੀ ਜਾਣਦਾ, ਜਦੋਂ ਤੱਕ ਉਸ ਉਤੇ "ਗਾਂਧੀ" ਫ਼ਿਲਮ ਨਹੀਂ ਸੀ ਬਣੀ"। "ਕਾਂਗਰਸ ਦੇ ਸੱਤਾ 'ਚ ਆਉਣ ਨਾਲ ਔਰਤਾਂ ਦੇ ਮੰਗਲਸੂਤਰ ਨੂੰ ਖ਼ਤਰਾ ਪੈਦਾ ਹੋ ਜਾਏਗਾ।"

ਵਿਰੋਧੀ ਧਿਰਾਂ ਉਸਨੂੰ ਝੂਠ ਦੀ ਪੰਡ ਗਰਦਾਨਦੀਆਂ ਹਨ, ਉਸਨੂੰ "ਬਾਦਸ਼ਾਹ" ਦਾ ਖਿਤਾਬ ਦਿੰਦੀਆਂ ਹਨ, ਕਿਉਂਕਿ ਉਸਨੇ ਦੇਸ਼ ਵਿੱਚ "ਰਾਜਾਸ਼ਾਹੀ" ਦਾ ਦੌਰ ਲਿਆਉਣ ਲਈ ਪੂਰੀ ਵਾਹ ਲਾਈ ਹੋਈ ਹੈ। ਧਰਮ ਦਾ ਸਿੱਕਾ ਚਲਾਕੇ, ਧਾਰਮਿਕ ਵੰਡੀਆਂ ਪਾਕੇ ਉਹ ਹਰ ਹੀਲੇ ਦੇਸ਼ ਦੇ ਲੋਕਾਂ, ਦੇਸ਼ ਦੀ ਧੰਨ ਦੌਲਤ, ਦੇਸ਼ ਦੇ ਕੁਦਰਤੀ ਵਸੀਲਿਆਂ ਅਤੇ ਇਥੋਂ ਤੱਕ ਕਿ ਲੋਕ ਮਨਾਂ ਉਤੇ ਆਪਣੀ ਨਿਵੇਕਲੀ ਛਾਪ ਛਡਣਾ ਚਾਹੁੰਦਾ ਹੈ। ਉਹ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਚੋਣ, ਦਾ ਮੁਦੱਈ ਹੈ ਅਤੇ ਆਰ.ਐਸ.ਐਸ. ਦੇ ਅਜੰਡੇ ਹਿੰਦੀ, ਹਿੰਦੂ ਅਤੇ ਹਿੰਦੋਸਤਾਨ ਨੂੰ ਦੇਸ਼ 'ਤੇ ਹਰ ਹੀਲੇ ਲਾਗੂ ਕਰਨਾ ਚਾਹੁੰਦਾ ਹੈ।

ਗਰੰਟੀਆਂ ਦੇਣ ਵਾਲਾ ਦੇਸ਼ ਦਾ ਸਭ ਤੋਂ ਵਧ ਵਿਵਾਦਤ ਪ੍ਰਧਾਨ ਮੰਤਰੀ ਮੋਦੀ, ਇਹਨਾ ਦਸ ਵਰ੍ਹਿਆਂ 'ਚ ਦੇਸ਼ ਦੇ ਸੰਵਿਧਾਨ ਦੇ ਪ੍ਰਖਚੇ ਉਡਾਉਣ ਵਾਲੇ ਪ੍ਰਧਾਨ ਮੰਤਰੀ ਵਜੋਂ ਜਾਣਿਆ ਜਾਣ ਲੱਗ ਪਿਆ। ਇੱਕ ਇਹੋ ਜਿਹਾ ਚਿਹਰਾ ਜਿਸਨੇ ਆਪਣੀ ਹਕੂਮਤ ਪ੍ਰਧਾਨ ਮੰਤਰੀ ਦਫ਼ਤਰੋਂ ਚਲਾਈ, ਕਿਸੇ ਦੀ ਪ੍ਰਵਾਹ ਨਹੀਂ ਕੀਤੀ, ਇਥੋਂ ਤੱਕ ਵੀ ਚਰਚੇ ਹਨ ਕਿ ਉਹਨਾ ਆਪਣੀ ਆਕਾ "ਆਰ.ਐਸ.ਐਸ." ਨੂੰ ਵੀ ਅੱਖਾਂ ਵਿਖਾਈਆਂ ਅਤੇ ਥਾਂ ਸਿਰ ਕਰਕੇ ਰੱਖ ਦਿੱਤਾ। ਉਹਨਾ ਨੇ ਆਪਣੇ ਨਿਵਾਸ ਅਤੇ ਦਫ਼ਤਰ ਦੀਆਂ ਬਰੂਹਾਂ ਮੀਡੀਆਂ ਕਰਮੀਆਂ ਲਈ ਘੁੱਟਕੇ ਬੰਦ ਕਰੀ ਰੱਖੀਆਂ। ਸਾਥੀ ਮੰਤਰੀਆਂ ਤੇ ਸਰਕਾਰੀ ਅਹਿਲਕਾਰਾਂ ਨੂੰ ਵੀ ਇਸੇ ਤਰ੍ਹਾਂ ਹੀ ਤਾੜਕੇ ਰੱਖਿਆ ਗਿਆ।

ਮੋਦੀ ਦੇ "ਮਨ ਦੀਆਂ ਬਾਤਾਂ" ਮੋਦੀ ਹੀ ਜਾਣੇ। ਬਾਹਰੀ ਤੌਰ 'ਤੇ "ਮਨ ਕੀ ਬਾਤ" ਕਰਦਿਆਂ ਉਹ ਇਵੇਂ ਜਾਪਦਾ ਹੈ, ਜਿਵੇਂ ਉਹ ਸਚਮੁੱਚ ਲੋਕ ਨੁਮਾਇੰਦਾ ਹੋਵੇ ਪਰ ਅਸਲ ਅਰਥਾਂ 'ਚ ਮੋਦੀ ਆਪਣੇ-ਆਪ ਨੂੰ ਰੱਬ ਦਾ ਭੇਜਿਆ "ਰਾਜਾ" ਸਮਝਦਾ ਰਿਹਾ, ਜਿਸਨੂੰ ਦੈਵੀ ਸ਼ਕਤੀਆਂ ਨੇ ਦੇਵ-ਭੂਮੀ ਉਤੇ ਸ਼ਾਸ਼ਨ ਕਰਨ ਲਈ ਭੇਜਿਆ ਹੋਵੇ। ਸਚਮੁਚ ਬੰਦ ਕਮਰੇ ਦੀ ਬੰਦ ਮਨ ਵਾਲੀ ਸ਼ਖ਼ਸ਼ੀਅਤ, ਕਾਫੀ ਲੰਮਾ ਸਮਾਂ ਲੋਕਾਂ ਲਈ ਬੁਝਾਰਤ ਬਣੀ ਰਹੀ, ਪਰ ਜਦੋਂ ਆਮ ਲੋਕ ਗਰੀਬੀ 'ਚ ਗ੍ਰਸੇ ਗਏ, ਬੇਰੁਜ਼ਗਾਰੀ ਦੇ ਪੁੜ 'ਚ ਹੋਰ ਪੀਸੇ ਗਏ ਤਾਂ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋਈ ਕਿ ਦੇਸ਼ ਮੁੜ ਰਜਵਾੜਾਸ਼ਾਹੀ, ਰਾਜਾਸ਼ਾਹੀ ਦੇ ਪੁੜਾਂ 'ਚ ਪੀਸਿਆ ਜਾ ਰਿਹਾ ਹੈ, ਜਿਥੇ ਰਾਜੇ ਦੀ ਕਹਿਣੀ ਅਤੇ ਕਥਨੀ 'ਚ ਢੇਰ ਸਾਰਾ ਅੰਤਰ ਹੈ।

ਬਿਨ੍ਹਾਂ ਸ਼ੱਕ ਨਰੇਂਦਰ ਮੋਦੀ ਦੇਸ਼ ਦੇ ਦੋ ਵੇਰ ਪ੍ਰਧਾਨ ਮੰਤਰੀ ਬਣੇ, ਮੋਦੀ ਲਹਿਰ ਵੀ ਪੰਜਾਬ ਨੂੰ ਛੱਡਕੇ ਉੱਤਰੀ ਭਾਰਤ ਖ਼ਾਸਕਰ ਬਿਹਾਰ, ਯੂ.ਪੀ., ਮੱਧ ਪ੍ਰਦੇਸ਼ ਆਦਿ 'ਚ ਚੱਲੀ, ਪਰ ਪੱਛਮੀ ਬੰਗਾਲ, ਕੇਰਲਾ ਅਤੇ ਕਈ ਹੋਰ ਦੱਖਣੀ ਰਾਜਾਂ ਵਿੱਚ ਉਸਨੂੰ ਇਸ ਕਰਕੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹਨਾ ਨੇ ਵਿਵਾਦਿਤ ਬਿਆਨ ਹੀ ਨਹੀਂ ਦਿੱਤੇ, ਸਗੋਂ ਵਿਵਾਦਿਤ ਕਾਨੂੰਨ ਵੀ ਪਾਸ ਕੀਤੇ, ਜਿਹਨਾਂ 'ਚ ਖੇਤੀ ਕਾਨੂੰਨ, ਸੀ.ਏ.ਏ. ਅਤੇ ਧਾਰਾ 370 ਸ਼ਾਮਲ ਸੀ, ਜਿਸਨੇ ਦੇਸ਼ ਦੀਆਂ ਘੱਟ ਗਿਣਤੀਆਂ 'ਚ ਹਾਹਾਕਾਰ ਮਚਾ ਦਿੱਤੀ।

ਮੋਦੀ ਸ਼ਾਸ਼ਨ ਸਮੇਂ ਦੌਰਾਨ ਜਿਥੇ ਦਿੱਲੀ 'ਚ ਦੰਗੇ ਹੋਏ, ਮਨੀਪੁਰ 'ਚ ਸ਼ਰਮਨਾਕ ਘਟਨਾਵਾਂ ਵਾਪਰੀਆਂ, ਉਸ ਨਾਲ ਨਰੇਂਦਰ ਮੋਦੀ ਦਾ ਅਕਸ, ਭਾਰਤ ਵਿੱਚ ਹੀ ਨਹੀਂ, ਸਮੁੱਚੇ ਵਿਸ਼ਵ ਵਿੱਚ ਧੁੰਦਲਾ ਹੋਇਆ। ਮਨੀਪੁਰ ਹਾਲੇ ਵੀ ਕੁਰਲਾ ਰਿਹਾ ਹੈ। ਉਥੇ ਦੇ ਲੋਕਾਂ 'ਚ ਪਾਈਆਂ ਗਈਆਂ ਵੰਡੀਆਂ ਦੇਸ਼ ਦੇ ਲੋਕਤੰਤਰਿਕ ਢਾਂਚੇ ਉਤੇ ਧੱਬਾ ਹਨ, ਜਿਸਨੇ ਉਥੇ ਦੇ ਲੋਕਾਂ ਦੀ



ਆਪਸੀ ਸਾਂਝ ਤਾਂ ਖ਼ਤਮ ਕੀਤੀ ਹੀ, ਪਰ ਨਾਲ ਵਿਸ਼ਵ ਵਿੱਚ ਇਹ ਸੰਦੇਸ਼ ਵੀ ਗਿਆ ਕਿ ਭਾਰਤ ਵਿੱਚ ਫਿਰਕੂ ਫਸਾਦ ਆਮ ਗੱਲ ਬਣ ਗਈ ਹੈ ਤੇ ਭਾਰਤ ਹੁਣ ਧਰਮ ਨਿਰਪੱਖ ਦੇਸ਼ ਵੀ ਨਹੀਂ ਰਿਹਾ। ਦੇਸ਼ 'ਚ ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ। ਜਿਹੜਾ ਵੀ ਮੋਦੀ ਰਾਜ ਵਿਰੁੱਧ ਬੋਲਿਆ ਉਸਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਸਿਆਸੀ ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਈ.ਡੀ., ਸੀ.ਬੀਆਈ. ਦੀ ਦੁਰਵਰਤੋਂ ਹੋਈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਆਯੋਧਿਆ ਰਾਮ ਮੰਦਰ 'ਚ ਮੂਰਤੀ ਸਥਾਪਨਾ ਸਮੇਂ ਮੁੱਖ ਭੂਮਿਕਾ ਨਿਭਾਉਣ ਤੇ ਫਿਰ ਇਹਨਾ ਰਾਮ ਭਗਤਾਂ ਨੂੰ ਆਪਣੇ ਵੋਟ ਬੈਂਕ 'ਚ ਬਦਲਣ ਦਾ ਯਤਨ ਦੇਸ਼ ਦੇ ਚੇਤੰਨ ਲੋਕਾਂ ਨੂੰ ਚੰਗਾ ਨਹੀਂ ਲੱਗਾ। ਇਸ ਸਭ ਕੁਝ ਦਾ ਸਿੱਧਾ ਅਸਰ, ਆਮ ਲੋਕਾਂ 'ਚ ਫੈਲੀ ਨਿਰਾਸ਼ਾ ਵਜੋਂ ਵੇਖਿਆ ਜਾ ਸਕਦਾ ਹੈ।

ਭਾਰਤ ਵੱਡਾ ਲੋਕਤੰਤਰ ਹੈ। ਇਸ ਦੀਆਂ ਲੋਕਤੰਤਰੀ ਕਦਰਾਂ ਕੀਮਤਾਂ ਹਨ। ਇਸ ਵੇਲੇ ਦੇਸ਼ ਦੇ 2024 ਦੀਆਂ ਚੋਣਾਂ ਵੇਲੇ 100 ਕਰੋੜ ਵੋਟਰ ਦੇਸ਼ ਦੇ ਚੋਣ ਕਮਿਸ਼ਨ ਨੇ ਰਜਿਸਟਰਡ ਕੀਤੇ ਹਨ। ਜਿਹਨਾ ਵਿੱਚੋਂ 64 ਕਰੋੜ ਲੋਕਾਂ ਨੇ ਹੀ ਵੋਟ ਪਾਈ ਹੈ, ਇਸ ਵਿਚੋਂ ਵੀ "ਨੋਟਾ" ਵੋਟਰਾਂ ਦੀ ਗਿਣਤੀ ਹੋਏਗੀ। ਭਾਵ ਸਿਰਫ਼ 60 ਕੁ ਕਰੋੜ ਲੋਕਾਂ ਨੇ ਵੋਟ ਪਾਈ ਹੈ। ਆਮ ਲੋਕ ਜਿਹੜੇ ਗਰੀਬੀ ਦੇ ਸਤਾਏ ਹੋਏ ਹਨ, ਬੇਰੁਜ਼ਗਾਰੀ ਦੇ ਮਾਰੇ ਹੋਏ ਹਨ, ਉਹ ਹਾਕਮਾਂ ਦੀਆਂ ਨੀਤੀਆਂ ਕਾਰਨ ਇਸ "ਚੋਣ-ਕੁੰਭ" 'ਚ ਹਿੱਸਾ ਲੈਣ ਤੋਂ ਇਨਕਾਰੀ ਹੋ ਗਏ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉਹ ਹਾਕਮ ਜਿਹੜੇ ਇਹ ਆਖਦੇ ਹਨ ਕਿ ਪਿਛਲੇ ਇੱਕ ਦਹਾਕੇ 'ਚ ਦੇਸ਼ ਪੰਜਵੀਂ ਵਿਸ਼ਵ ਅਰਥ ਵਿਵਸਥਾ ਬਣਿਆ ਹੈ, ਇਹ ਦੱਸਦੇ ਕੰਨੀ ਕਤਰਾਉਂਦੇ ਹਨ ਕਿ ਦੇਸ਼ ਦੇ ਆਮ ਆਦਮੀ ਦੀਆਂ ਜੀਊਣ ਹਾਲਤਾਂ ਕਿਹੋ ਜਿਹੀਆਂ ਹਨ। ਹਾਲਾਂਕਿ ਨਰੇਂਦਰ ਮੋਦੀ ਗਰੰਟੀ ਦਿੰਦਿਆਂ ਆਮ ਆਦਮੀ ਨੂੰ ਚੰਗੇ ਭਵਿੱਖ ਅਤੇ ਚੰਗੇ ਦਿਨਾਂ ਦੇ ਸੁਪਨੇ ਵਿਖਾਉਂਦਾ ਰਿਹਾ, ਉਸ ਨੇ ਦਰਜਨਾਂ ਭਰ ਕਲਿਆਣਕਾਰੀ ਯੋਜਨਾਵਾਂ, ਜਿਹਨਾ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ, ਸਵੱਛ ਭਾਰਤ ਮਿਸ਼ਨ, ਪੀ.ਐਮ.ਮੁਦਰਾ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਸਮਾਰਟ ਸਿਟੀ ਯੋਜਨਾ, ਮੇਕ ਇਨ ਇੰਡੀਆ ਯੋਜਨਾਵਾਂ ਸਮੇਤ 26 ਮਹੱਤਵਪੂਰਨ ਯੋਜਨਾਵਾਂ ਸ਼ਾਮਲ ਸਨ, ਸ਼ੁਰੂ ਕੀਤੀਆਂ, ਪਰ ਲਗਭਗ ਸਾਰੀਆਂ ਠੁੱਸ ਹੋ ਕੇ ਰਹਿ ਗਈਆਂ। ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ 6000 ਰੁਪਏ ਦੇਣ ਦੀ ਗੱਲ ਕੀਤੀ, ਪਰ ਪੰਜਾਬ, ਹਰਿਆਣਾ, ਉੱਤਰਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਰਾਜਾਂ ਦੇ ਹਜ਼ਾਰਾਂ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਆਪਣੀਆਂ ਮੰਗਾਂ ਲਈ ਬੈਠੇ ਹਨ। ਉਹਨਾ ਨੂੰ ਆਮ ਲੋਕਾਂ ਦਾ ਸਮਰੱਥਨ ਵੀ ਮਿਲਿਆ ਹੈ। ਪਰ ਨਰੇਂਦਰ ਮੋਦੀ ਦੀ ਸਰਕਾਰ ਵਲੋਂ ਉਹਨਾ ਨੂੰ ਲਗਾਤਾਰ ਅਣਗੌਲਿਆਂ ਕੀਤਾ ਗਿਆ। ਅਸਲ ਵਿੱਚ ਨਰੇਂਦਰ ਮੋਦੀ ਦਾ ਉਦੇਸ਼ ਖੇਤੀ, ਕਾਰਪੋਰੇਟ ਹੱਥਾਂ 'ਚ ਸੌਂਪਣ ਦਾ ਹੈ, ਜਿਵੇਂ ਉਹਨਾ ਵਲੋਂ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਦੀ ਆਜ਼ਾਦੀ ਖ਼ਤਮ ਕਰਕੇ ਆਪਣੇ ਹਿੱਤਾਂ ਲਈ ਵਰਤਿਆਂ, ਉਵੇਂ ਹੀ ਸਰਕਾਰੀ ਸਰਵਜਨਕ ਸੰਸਥਾਵਾਂ ਦਾ ਨਿੱਜੀਕਰਨ ਕਰਕੇ ਦੇਸ਼ ਨੂੰ ਕਾਰਪੋਰੇਟਾਂ ਹੱਥ ਵੇਚਿਆ ਗਿਆ।

ਅਡਾਨੀ ਅਤੇ ਅੰਬਾਨੀ ਨੂੰ ਜਿਸ ਢੰਗ ਨਾਲ ਦੇਸ਼ ਦੇ ਅਦਾਰੇ ਸਪੁਰਦ ਕੀਤੇ ਗਏ ਅਤੇ ਜਿਸ ਢੰਗ ਨਾਲ ਸਿੱਖਿਆ, ਸਿਹਤ ਸਹੂਲਤਾਂ ਤੋਂ ਹੱਥ ਖਿੱਚਕੇ ਤਿੰਨ ਤਾਰਾ ਹਸਪਤਾਲ, ਪੰਜ ਤਾਰਾ ਸਕੂਲ, ਹਸਪਤਾਲ ਬਨਾਉਣ ਹਿੱਤ ਕਦਮ ਚੁੱਕੇ ਗਏ, ਉਸ ਨਾਲ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਲੋਕਾਂ ਦੀਆਂ ਪ੍ਰੇਸ਼ਾਨੀਆਂ 'ਚ ਵਾਧਾ ਹੋਇਆ ਹੈ। ਕਰੋੜਾਂ ਲੋਕਾਂ ਦਾ ਜੀਵਨ ਬਦ ਤੋਂ ਬਦਤਰ ਹੋਇਆ ਹੈ। ਸਰਕਾਰੀ ਸਕੂਲਾਂ, ਹਸਪਤਾਲਾਂ ਦੇ ਹਾਲਾਤ ਦੇਸ਼ ਭਰ 'ਚ ਖ਼ਰਾਬ ਹੋਏ ਹਨ। ਟੀਚਰਾਂ, ਡਾਕਟਰਾਂ ਅਤੇ ਡਾਕਟਰੀ ਅਮਲੇ ਦੀ ਘਾਟ ਸਪਸ਼ਟ ਦਿਖਦੀ ਹੈ। ਇਹੋ ਜਿਹੇ ਹਾਲਤਾਂ 'ਚ 2014 ਤੋਂ 2024 ਤੱਕ ਕਿਹੜੀਆਂ ਪ੍ਰਾਪਤੀਆਂ ਗਿਣੀਆਂ ਜਾ ਸਕਦੀਆਂ ਹਨ, ਜਿਹਨਾਂ 'ਤੇ ਨਰੇਂਦਰ ਮੋਦੀ ਖੁਸ਼ ਹੋ ਸਕਦੇ ਹਨ।

ਕੀ ਇਹੋ ਪ੍ਰਾਪਤੀ ਹੈ ਕਿ ਧਰਮ ਦੇ ਨਾਅ 'ਤੇ ਧਰੁਵੀਕਰਨ ਕਰ ਦਿੱਤਾ ਗਿਆ ਤੇ ਵੋਟਾਂ ਅਟੇਰੀਆਂ ਗਈਆਂ?

ਕੀ ਕੁਦਰਤੀ ਸਾਧਨ ਧੰਨ ਕੁਬੇਰਾਂ ਦੇ ਹੱਥ ਫੜਾ ਕੇ ਦੇਸ਼ ਦੇ ਕੁਝ ਹਿੱਸਿਆਂ ਨੂੰ ਚਮਕਾ ਦਿੱਤਾ ਗਿਆ ਅਤੇ ਬਾਕੀਆਂ ਨੂੰ ਵੱਡਿਆਂ ਵਲੋਂ ਮਸਲਣ ਲਈ ਉਹਨਾ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ ਦੇ ਨਾਅ ਉਤੇ ਵੱਡੇ ਹਸਪਤਾਲ, ਸਕੂਲ ਸਿਰਜ ਦਿੱਤੇ ਗਏ ਤੇ ਆਮ ਲੋਕਾਂ ਲਈ ਤੱਪੜ, ਦਰੀਆਂ ਵਾਲੇ, ਬਿਨ੍ਹਾਂ ਬੁਨਿਆਦੀ ਢਾਂਚੇ ਵਾਲੇ ਸਕੂਲ, ਹਸਪਤਾਲ ਛੱਡ ਦਿੱਤੇ ਗਏ?

ਕੀ ਇਹੋ ਪ੍ਰਾਪਤੀ ਹੈ ਕਿ 82 ਕਰੋੜ ਲੋਕਾਂ ਨੂੰ ਅਨਾਜ ਦੇ ਕੇ ਖੁਸ਼ ਕਰਨ ਦਾ ਯਤਨ ਹੋਇਆ ਤੇ ਉਹਨਾ ਨੂੰ ਨੌਕਰੀਆਂ ਤੋਂ ਵੇਰਵੇ ਰੱਖਕੇ ਸਿਰਫ਼ ਉਹਨਾ ਹੱਥ ਠੂਠਾ ਫੜਾ ਦਿੱਤਾ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਵੱਡੇ ਹਾਈਵੇ, ਮੌਲਜ਼ ਆਦਿ ਬਣਾ ਦਿੱਤੇ ਗਏ ਅਤੇ ਪਿੰਡਾਂ ਦੀਆਂ ਸੜਕਾਂ, ਰਸਤਿਆਂ, ਪੁੱਲਾਂ, ਸਕੂਲਾਂ ਨੂੰ ਅਣਗੌਲਿਆ ਗਿਆ?

ਕੀ ਇਹੋ ਪ੍ਰਾਪਤੀ ਹੈ ਕਿ ਕੁਦਰਤੀ ਖਜ਼ਾਨੇ ਜੰਗਲ, ਖਾਣਾਂ ਕਾਰਪਰੇਟਾਂ ਨੂੰ ਸੌਂਪ ਦਿੱਤੇ ਗਏ ਤੇ ਵਾਤਾਵਰਨ ਦਾ ਘਾਣ ਕਰ ਦਿੱਤਾ ਗਿਆ ਤੇ ਦੇਸ਼ ਨੂੰ ਹੜ੍ਹਾਂ, ਸੋਕੇ, ਅਤਿਅੰਤ ਗਰਮੀ ਨਾਲ ਮਰਨ ਲਈ ਉਵੇਂ ਹੀ ਛੱਡ ਦਿੱਤਾ ਗਿਆ , ਉਵੇਂ ਹੀ ਜਿਵੇਂ ਕਰੋਨਾ ਕਾਲ ਸਮੇਂ ਹਾਕਮਾਂ ਨੂੰ ਸਿਹਤ ਸਹੂਲਤਾਂ ਨਾ ਮਿਲਣ ਕਾਰਨ ਮਰਨ ਲਈ ਛੱਡ ਦਿੱਤਾ ਸੀ ਅਤੇ ਉਹਨਾ ਦੇ ਸਸਕਾਰ ਲਈ ਸ਼ਮਸ਼ਾਨ ਘਾਟ ਵੀ ਨਸੀਬ ਨਹੀਂ ਸਨ ਹੋਏ, ਸਗੋਂ ਲਾਸ਼ਾਂ ਗੰਗਾ ਦਰਿਆ ਸਪੁਰਦ ਕਰਨ ਲਈ ਲੋਕ ਮਜ਼ਬੂਰ ਹੋਏ ਸਨ?

ਕੀ ਇਹੋ ਪ੍ਰਾਪਤੀ ਹੈ ਨਰੇਂਦਰ ਮੋਦੀ ਦੀ ਕਿ ਦੇਸ਼ 'ਚ ਅਰਬਪਤੀਆਂ, ਖਰਬਪਤੀ ਲੋਕਾਂ ਦੀ ਗਿਣਤੀ ਵਧਾ ਦਿੱਤੀ ਗਈ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਹੋਰ ਵੀ ਵਧ ਗਿਆ?

2014 ਤੇ 2024 ਦਾ ਦਹਾਕਾ ਦੇਸ਼ ਦੇ ਲੋਕਤੰਤਰੀ ਇਤਿਹਾਸ ਵਿੱਚ ਕਾਲੇ ਦੌਰ ਵਜੋਂ ਤਾਂ ਵੇਖਿਆ ਹੀ ਜਾ ਰਿਹਾ ਹੈ, ਆਮ ਲੋਕਾਂ ਦੀ ਗੁਰਬਤੀ ਹਾਲਤ, ਬੇਰੁਜ਼ਗਾਰੀ ਭਰਪੂਰ ਜ਼ਿੰਦਗੀ, ਭ੍ਰਿਸ਼ਟਾਚਾਰ ਯੁਕਤ ਧੱਕੇ-ਧੌਂਸ ਵਾਲੀ ਰਜਵਾੜਾਸ਼ਾਹੀ ਸਿਆਸਤ ਵਜੋਂ ਵੀ ਜਾਣਿਆ ਜਾਵੇਗਾ।


# ਚੋਣਾਂ ਦਾ ਉਤਸਵ ਬਨਾਮ ਘੱਲੂਘਾਰੇ ਦੀ ਟੀਸ



ਬਘੇਲ ਸਿੰਘ ਧਾਲੀਵਾਲ
99142-58142



ਦੇਸ਼ ਅੰਦਰ 18ਵੀਂ ਲੋਕ ਸਭਾ ਚੋਣ ਆਪਣੇ ਆਖਰੀ ਮੁਕਾਮ ਤੇ ਪੁੱਜ ਚੁੱਕੀ ਹੈ।ਇਹ ਆਖਰੀ ਦੌਰ ਦੀ ਚੋਣ ਪ੍ਰਕਿਰਿਆ ਵਿੱਚ ਬਿਹਾਰ, ਹਿਮਾਚਲ ਪ੍ਰਦੇਸ਼, ਝਾਰਖੰਡ, ਓਡੀਸ਼ਾ, ਪੰਜਾਬ ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਅਤੇ ਚੰਡੀਗੜ੍ਹ ਦੀਆਂ ਕੁਲ 57 ਸੀਟਾਂ ਉੱਤੇ ਵੋਟਾਂ ਪੈਣਗੀਆਂ॥ ਪੰਜਾਬ ਨੂੰ ਆਖਰੀ ਦੌਰ ਦੀ ਚੋਣ ਪ੍ਰਕਿਰਿਆ ਵਿੱਚ ਸ਼ੁਮਾਰ ਕੀਤੇ ਜਾਣ ਨੂੰ ਲੈ ਕੇ ਸਵਾਲ ਉੱਠ ਰਹੇ ਹਨ।ਚੋਣਾਂ ਦੀ ਮਿਤੀ ਇੱਕ ਜੂਨ ਸਿੱਖਾਂ ਲਈ ਇਸ ਕਰਕੇ ਦੁਬਿਧਾ ਪੈਦਾ ਕਰਦੀ ਹੈ,ਕਿਉਂਕਿ ਇਹ ਦਿਨ ਸਿੱਖਾਂ ਦੇ ਜਖਮਾਂ ਨੂੰ ਕੁਰੇਦਣ ਵਾਲਾ ਹੁੰਦਾ ਹੈ। ਇੱਕ ਜੂਨ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਵੱਲੋਂ ਚੜਾਈ ਕੀਤੀ ਗਈ ਸੀ। ਇੱਕ ਜੂਨ ਤੋ 6 ਜੂਨ ਤੱਕ ਫੌਜ ਨੇ ਸਿੱਖਾਂ ਤੇ ਅਜਿਹੇ ਕਹਿਰ ਢਾਹੇ ਸਨ,ਜਿਹੜੇ ਦੁਨੀਆਂ ਭਰ ਦੇ ਜਾਲਮ ਤਾਨਾਸ਼ਾਹਾਂ ਦੇ ਜੁਲਮਾਂ ਨੂੰ ਵੀ ਬੌਨਾ ਕਰਨ ਵਾਲੇ ਸਨ। ਇਸ ਖੂਨੀ ਹਫਤੇ ਨੇ ਸਿੱਖਾਂ ਦੇ ਸੁਰਖ ਇਤਿਹਾਸ ਵਿੱਚ ਖੂੰਨ ਨਾਲ ਲੱਥ ਪੱਥ ਇੱਕ ਹੋਰ ਅਜਿਹਾ ਨਵਾਂ ਪੰਨਾ ਜੋੜ ਦਿੱਤਾ,ਜਦੋਂ ਭਾਰਤੀ ਫੌਜ ਨੇ ਆਪਣੇ ਹੀ ਲੋਕਾਂ ਨਾਲ ਅਜਿਹਾ ਸਲੂਕ ਕੀਤਾ ਸੀ,ਜਿਹੜਾ ਸੱਭਿਅਕ ਮੁਲਕਾਂ ਵਿੱਚ ਵਗਾਨੇ ਲੋਕਾਂ ਨਾਲ ਵੀ ਨਹੀ ਕੀਤਾ ਜਾਂਦਾ। ਜੂਨ ਮਹੀਨੇ ਦੇ ਪਹਿਲੇ ਇੱਕ ਹਫਤੇ ਵਿੱਚ ਹੀ ਫੌਜਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੂੰ ਕੁੱਝ ਮੁੱਠੀ ਭਰ ਮਰਜੀਵੜਿਆਂ ਅਤੇ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਹਜਾਰਾਂ ਸਿੱਖ ਸੰਗਤਾਂ ਨੂੰ ਕੋਹ ਕੋਹ ਕੇ ਨਿਰਦਾਇਤਾ ਦੇ ਨਾਲ ਸ਼ਹੀਦ ਕਰ ਦਿੱਤਾ ਸੀ,ਜਿੰਨਾਂ ਵਿੱਚ 18 ਦਿਨ ਦੇ ਬੱਚੇ ਤੋਂ ਲੈ ਕੇ 90,95 ਸਾਲ ਤੱਕ ਦੇ ਬਜ਼ੁਰਗ ਮਰਦ ਔਰਤਾਂ ਵੀ ਸ਼ਾਮਲ ਸਨ।ਭਾਰਤੀ ਫੌਜਾਂ ਨੇ ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਕੇ ਸਿੱਖਾਂ ਨੂੰ ਅਜਿਹੇ ਜਖਮ ਦਿੱਤੇ,ਜਿਹੜੇ ਸਾਇਦ ਰਹਿੰਦੀ ਦੁਨੀਆਂ ਤੱਕ ਰਿਸਦੇ ਰਹਿਣਗੇ।ਜਦੋਂ ਇੱਕ ਜੂਨ ਦਾ ਦਿਨ ਆਉਂਦਾ ਹੈ,ਤਾਂ ਸਿੱਖਾਂ ਦੇ ਮਨਾਂ ਚ ਢੱਠੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੀ ਤਸਵੀਰ ਮੁੜ ਰੂਪਮਾਨ ਹੋ ਜਾਂਦੀ ਹੈ।ਬੱਚੇ ਬਜੁਰਗ,ਬੀਬੀਆਂ ਅਤੇ ਨੌਜਵਾਨਾਂ ਦੇ ਬੇਰਹਿਮੀ ਨਾਲ ਘਾਣ ਦੀ ਖੌਫਨਾਕ ਤਸਵੀਰ ਨੌਜਵਾਨ ਸਿੱਖ ਜਜ਼ਬਿਆਂ ਨੂੰ





ਉਤੇਜਿਤ ਕਰਦੀ ਹੈ।ਜੂਨ ਦੇ ਪਹਿਲੇ ਹਫਤੇ ਸਿੱਖ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਕੌਮ ਨਾਲ ਕੀਤੇ ਇਕਰਾਰ ਨਿਭਾਉਂਦਿਆਂ ਦਿੱਤੀਆਂ ਸ਼ਹਾਦਤਾਂ ਦੀ ਗਾਥਾ ਨੂੰ ਬੜੇ ਮਾਣ ਨਾਲ ਸੁਣਦੇ ਅਤੇ ਸੁਣਾਉਂਦੇ ਹਨ।ਸਿੱਖ ਜੁਆਨੀ ਇਸ ਹਫਤੇ ਆਪਣੇ ਸ਼ਹੀਦਾਂ ਨੂੰ ਯਾਦ ਕਰਨ ਦੇ ਨਾਲ ਨਾਲ ਉਹਨਾਂ ਦੇ ਕਹਿਣੀ ਅਤੇ ਕਰਨੀ ਦੀ ਇੱਕਸੁਰਤਾ ਵਾਲੇ ਸੰਘਰਸ਼ੀ ਜੀਵਨ ਤੋ ਪਰੇਰਨਾ ਵੀ ਲੈਂਦੀ ਹੈ। ਪਰੰਤੂ ਇਸ ਵਾਰ ਕੇਂਦਰੀ ਤਾਕਤਾਂ ਵੱਲੋਂ ਜਾਣ ਬੁੱਝ ਕੇ ਪੰਜਾਬ ਅੰਦਰ ਵੋਟਾਂ ਦੀ ਤਰੀਕ ਇੱਕ ਜੂਨ ਰੱਖੀ ਗਈ ਹੈ,ਤਾਂ ਕਿ ਸਿੱਖ ਮਨਾਂ ਚੋ ਕੌਮੀ ਦੁੱਖ ਦਰਦ ਦੀ ਭਾਵਨਾ ਨੂੰ ਚੋਣਾਂ ਦੀਆਂ ਖੁਸ਼ੀਆਂ ਗਮੀਆਂ ਵਿੱਚ ਰਲਗੱਡ ਕਰਕੇ ਠੰਡਾ ਪਾਇਆ ਜਾ ਸਕੇ।ਇਹ ਸੱਚਮੁੱਚ ਬੜਾ ਚਲਾਕੀ ਮਕਾਰੀ ਅਤੇ ਮੰਦ ਭਾਵਨਾ ਵਾਲਾ ਵਰਤਾਰਾ ਹੈ,ਜਿਸ ਵਿੱਚ ਭੋਲ਼ੀ ਭਾਲ਼ੀ ਕੌਮ ਦਾ ਉਲਝਣਾ ਸੁਭਾਵਿਕ ਹੈ,ਕਿਉਂਕਿ ਚੋਣ ਪਰਕਿਰਿਆ ਨੂੰ ਪੂਰਾ ਕਰਨ ਲਈ ਜਿਸਤਰਾਂ ਦੇ ਹਾਲਾਤ ਹਕੂਮਤਾਂ ਵੱਲੋਂ ਬਣਾਏ ਹੋਏ ਹਨ ,ਜਿਸਤਰਾਂ ਦੀਆਂ ਧੜੇਬੰਦੀਆਂ ਪੈਦਾ ਕੀਤੀਆਂ ਹੋਈਆਂ ਹਨ,ਉਹਨਾਂ ਵਿੱਚ ਕੌਮੀ ਜਜ਼ਬੇ ਵੀ ਪਛੜਕੇ ਰਹਿ ਜਾਂਦੇ ਹਨ। ਇੱਕ ਜੂਨ ਸਿੱਖਾਂ ਲਈ ਬੇਹੱਦ ਹੀ ਮਾੜਾ ਦਿਨ ਹੈ ਅਤੇ ਹਮੇਸਾਂ ਰਹੇਗਾ।ਜੂਨ ਦਾ ਇਹ ਪਹਿਲਾ ਹਫਤਾ ਸਿੱਖਾਂ ਲਈ ਜਿੱਥੇ ਆਪਣੇ ਸਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਦਾ ਸਮਾ ਹੁੰਦਾ ਹੈ,ਓਥੇ ਉਹਨਾਂ ਦੇ ਪਾਏ ਪੂਰਨਿਆਂ ਤੇ ਚੱਲਣ ਦਾ ਅਹਿਦ ਕਰਨ ਦਾ ਵੀ ਢੁਕਵਾਂ ਸਮਾ ਹੁੰਦਾ ਹੈ ਅਤੇ ਪਿਛਲੇ 40 ਸਾਲਾਂ ਦੌਰਾਨ ਹੋਏ ਕੌੜੇ ਤੁਜੱਰਬਿਆਂ ਨੂੰ ਪੜਚੋਲਣ ਦਾ ਸਮਾ ਵੀ ਹੁੰਦਾ ਹੈ ,ਜਦੋ ਸਿੱਖ ਬੁੱਧੀਜੀਵੀ ਹਫਤਾ ਭਰ ਲਹੂ ਦੇ ਅੱਥਰੂ ਡੋਲਵੀਆਂ ਲਿਖਤਾਂ ਨਾਲ ਉਸ ਦੌਰ ਦੀ ਗਾਥਾ ਬਿਆਨ ਕਰਦੇ ਹਨ।ਇਹ ਸਮਾ ਭਾਂਵੇਂ ਹਕੂਮਤਾਂ ਵੱਲੋਂ ਕੀਤੇ ਜੁਲਮਾਂ ਦੀ ਦਾਸਤਾਨ ਨੂੰ ਯਾਦ ਦਿਲਾਉਣ ਵਾਲਾ ਹੁੰਦਾ ਹੈ,ਪਰ ਇਸ ਦੇ ਨਾਲ ਹੀ ਇਹ ਸਮਾ ਸਿੱਖ ਕੌਮ ਦੀ ਨਵੀ ਪੀੜੀ ਨੂੰ ਆਪਣੇ ਸ਼ਾਨਾਂਮੱਤੇ ਇਤਿਹਾਸ ਤੋ ਜਾਣੂ ਕਰਵਾਉਣ ਦਾ ਸਮਾ ਵੀ ਹੁੰਦਾ ਹੈ।ਸੁਹਿਰਦ ਸਿੱਖ ਬੁੱਧੀਜੀਵੀਆਂ ਵੱਲੋਂ ਆਏ ਸਾਲ ਜੂਨ ਚੁਰਾਸੀ ਦੇ ਹਕੂਮਤੀ ਜਬਰ ਦੀ ਗਾਥਾ ਸਿੱਖਾਂ ਦੀ ਨਵੀਂ ਨਸਲ ਦੇ ਮਨਾਂ ਵਿੱਚ ਉਤਾਰਨ ਦੇ ਯਤਨ ਹੁੰਦੇ ਹਨ।ਆਪਣੇ ਪੁਰਖਿਆਂ ਦੀਆਂ ਮਹਾਂਨ ਅਤੇ ਅਲੌਕਿਕ ਕਹਾਣੀਆਂ ਖੁਆਰ ਹੋ ਰਹੀ ਕੌਮ ਨੂੰ ਨਵਾਂ ਉਤਸ਼ਾਹ ਬਖਸ਼ਦੀਆਂ ਹਨ। ਇਸ ਵਾਰ ਵੋਟਾਂ ਦੇ ਨਸ਼ੇ ਵਿੱਚ ਗਲੇ ਤੱਕ ਲਹਿ ਚੁੱਕੇ ਸਿੱਖਾਂ ਨੂੰ ਇਹ ਕਦੇ ਵੀ ਨਹੀ ਵਿਸਾਰਨਾ ਚਾਹੀਦਾ ਕਿ ਭਾਰਤੀ ਸਿਸਟਮ ਨੇ ਜੂਨ ਦੇ ਇਸ ਹਫਤੇ ਦੌਰਾਨ ਸਿੱਖ ਕੌਮ ਨੂੰ ਕਿਹੋ ਜਿਹੇ ਜਖਮ ਦਿੱਤੇ ਸਨ,ਜਿੰਨਾਂ ਦੀ ਟੀਸ ਇੱਕ ਜੂਨ ਨੂੰ ਹਰ ਉਸ ਸਿੱਖ ਹਿਰਦੇ ਵਿੱਚ ਪੈਣੀ ਸ਼ੁਰੂ ਹੋ ਜਾਂਦੀ ਹੈ,ਜਿੰਨਾਂ ਦੇ ਖੂਨ ਵਿੱਚ ਰੱਤੀ ਭਰ ਵੀ ਗੈਰਤ ਦਾ ਮਾਦਾ ਸੰਚਾਰ ਕਰ ਰਿਹਾ ਹੈ। ਇਹ ਸਮਾ ਬਹੁਤ ਸਾਰੀਆਂ ਉਹ ਯਾਦਾਂ ਵੀ ਤਾਜਾ ਕਰ ਦਿੰਦਾ ਹੈ,ਜਦੋਂ ਇਸ ਕਹਿਰ ਦਾ ਬਦਲਾ ਲੈਣ ਲਈ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਦੇ ਅੰਗ ਰੱਖਿਅਕਾਂ ਦੇ ਖੂਨ ਨੇ ਉਬਾਲ਼ਾ ਖਾਧਾ ਤੇ ਇੱਕ ਅਜਿਹਾ ਇਤਿਹਾਸ ਦੁਹਰਾ ਦਿੱਤਾ ਜਿਸ ਨੇ ਸਿੱਖਾਂ ਦੇ ਬਲੂੰਧਰੇ ਹਿਰਦਿਆਂ ਨੂੰ ਕੁੱਝ ਹੱਦ ਤੱਕ ਸਕੂਨ ਦਿੱਤਾ ਸੀ।ਹੁਣ ਜਦੋ ਫਿਰ ਇਹ ਖੂਨੀ ਹਫਤਾ ਆ ਗਿਆ ਹੈ,ਤਾਂ ਇਸ ਵਾਰ ਸਿੱਖ ਮਨਾਂ ਚ ਇਹ ਟੀਸ ਹੋਰ ਵੀ ਸਿੱਦਤ ਨਾਲ ਮਹਿਸੂਸ ਕੀਤੀ ਜਾਣੀ ਬਣਦੀ ਹੈ ਅਤੇ ਸੋਚਿਆ ਜਾਣਾ ਬਣਦਾ ਹੈ ਕਿ ਕਿਵੇਂ ਸਿਸਟਮ ਸਿੱਖ ਹਿਰਦਿਆਂ ਚੋ ਘੱਲੂਘਾਰੇ ਦੀ ਯਾਦ ਨੂੰ ਮਿਟਾਉਣ ਦੀਆਂ ਅਸਫਲ ਕੋਸ਼ਿਸ਼ਾਂ ਕਰ ਰਿਹਾ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।




Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com




Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਅੱਖੀਂ ਵੇਖਣ ਵਾਲਾ ਪਾਦਰੀ ਜੇਰੋਮ ਜ਼ੈਵੀਅਰ

***ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਅਤੇ ਸਾਖੀਆਂ ਅਨੁਸਾਰ ਕਈ ਕਾਰਨ ਦੱਸੇ ਜਾਂਦੇ ਹਨ। ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਚੰਦੂ ਸ਼ਾਹ ਦੇ ਹੰਕਾਰ ਨਾਲ ਭਰੇ ਕੌੜੇ ਬੋਲਾਂ ਕਾਰਨ ਗੁਰੂ ਹਰਗੋਬਿੰਦ ਸਾਹਿਬ ਵਾਸਤੇ ਆਇਆ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਵੱਲੋਂ ਅਪ੍ਰਵਾਨ ਕਰਨਾ ਸੀ। ਚੰਦੂ ਸ਼ਾਹ ਦੀ ਹੋਂਦ ਬਾਰੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਨੇ ਮੁਗਲਾਂ ਦੇ ਸਰਕਾਰੀ ਰਿਕਾਰਡ ਦੀ ਕਾਫੀ ਪੁਣ ਛਾਣ ਕੀਤੀ ਪਰ 1606 ਈਸਵੀ ਦੇ ਆਸ ਪਾਸ ਲਾਹੌਰ ਜਾਂ ਦਿੱਲੀ ਵਿੱਚ ਇਸ ਨਾਮ ਦੇ ਕਿਸੇ ਦੀਵਾਨ ਜਾਂ ਵੱਡੇ ਅਫਸਰ ਦਾ ਕੋਈ ਵੇਰਵਾ ਨਹੀਂ ਮਿਲਦਾ।***



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਉਨ੍ਹਾਂ ਦਾ ਜਨਮ 15 ਅਪਰੈਲ ਸੰਨ 1563 ਈਸਵੀ ਨੂੰ ਗੁਰੂ ਰਾਮ ਦਾਸ ਜੀ ਅਤੇ ਬੀਬੀ ਭਾਨੀ ਦੇ ਗ੍ਰਹਿ ਗੋਇੰਦਵਾਲ ਵਿਖੇ ਹੋਇਆ ਅਤੇ 30 ਮਈ 1606 ਵਾਲੇ ਦਿਨ 43 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਅਨੁਸਾਰ ਲਾਹੌਰ ਵਿਖੇ ਸ਼ਹੀਦ ਕਰ ਦਿੱਤਾ ਗਿਆ ਸੀ। ਉਹ ਸੰਨ 1581 ਈਸਵੀ ਵਿੱਚ 18 ਸਾਲ ਦੀ ਉਮਰ ਵਿੱਚ ਗੁਰ ਗੱਦੀ 'ਤੇ ਬੈਠੇ ਸਨ। ਆਪਣੇ ਗੁਰ ਗੱਦੀ ਕਾਲ ਦੌਰਾਨ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਵਾਸਤੇ ਅਨੇਕਾਂ ਮਹਾਨ ਕਾਰਜ ਸਰਅੰਜ਼ਾਮ ਦਿੱਤੇ ਜਿਨ੍ਹਾਂ ਵਿੱਚ ਧਰਮ ਪ੍ਰਚਾਰ ਤੋਂ ਇਲਾਵਾ ਹਰਿਮੰਦਰ ਸਾਹਿਬ ਦੀ ਉਸਾਰੀ, ਤਰਨ ਤਾਰਨ ਦੀ ਨੀਂਹ ਰੱਖਣੀ, ਕਰਤਾਰ ਪੁਰ ਦੀ ਨੀਂਹ ਰੱਖਣੀ, ਸੁਖਮਨੀ ਸਾਹਿਬ ਦੀ ਰਚਨਾ ਅਤੇ ਆਦਿ ਗ੍ਰੰਥ ਦੀ ਰਚਨਾ ਅਤੇ ਉਸ ਨੂੰ ਦਰਬਾਰ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਸ਼ਾਮਲ ਹੈ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਇਤਿਹਾਸ ਅਤੇ ਸਾਖੀਆਂ ਅਨੁਸਾਰ ਕਈ ਕਾਰਨ ਦੱਸੇ ਜਾਂਦੇ ਹਨ। ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਚੰਦੂ ਸ਼ਾਹ ਦੇ ਹੰਕਾਰ ਨਾਲ ਭਰੇ ਕੌੜੇ ਬੋਲਾਂ ਕਾਰਨ ਗੁਰੂ ਹਰਗੋਬਿੰਦ ਸਾਹਿਬ ਵਾਸਤੇ ਆਇਆ ਉਸ ਦੀ ਲੜਕੀ ਦਾ ਰਿਸ਼ਤਾ ਗੁਰੂ ਸਾਹਿਬ ਵੱਲੋਂ ਅਪ੍ਰਵਾਨ ਕਰਨਾ ਸੀ। ਚੰਦੂ ਸ਼ਾਹ ਦੀ ਹੋਂਦ ਬਾਰੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਨੇ ਮੁਗਲਾਂ ਦੇ ਸਰਕਾਰੀ ਰਿਕਾਰਡ ਦੀ ਕਾਫੀ ਪੁਣ ਛਾਣ ਕੀਤੀ ਪਰ 1606 ਈਸਵੀ ਦੇ ਆਸ ਪਾਸ ਲਾਹੌਰ ਜਾਂ ਦਿੱਲੀ ਵਿੱਚ ਇਸ ਨਾਮ ਦੇ ਕਿਸੇ ਦੀਵਾਨ ਜਾਂ ਵੱਡੇ ਅਫਸਰ ਦਾ ਕੋਈ ਵੇਰਵਾ ਨਹੀਂ ਮਿਲਦਾ। ਹੋ ਸਕਦਾ ਹੈ ਕਿ ਉਹ ਕੋਈ ਅਮੀਰ ਵਪਾਰੀ ਜਾਂ ਛੋਟਾ ਮੋਟਾ ਅਫਸਰ ਹੋਵੇ। ਇਹ ਸੰਭਵ ਨਹੀਂ ਕਿ ਅਜਿਹੇ ਛੋਟੇ ਅਫਸਰ ਦੀ ਜਹਾਂਗੀਰ ਜਾਂ ਸੂਬੇਦਾਰ ਲਾਹੌਰ ਤੱਕ ਪਹੁੰਚ ਹੋਵੇ ਤੇ ਉਸ ਦੀ ਨਿੱਜੀ ਰੰਜਿਸ਼ ਕਾਰਨ ਉਹ ਗੁਰੂ ਸਾਹਿਬ ਵਰਗੀ ਮੌਕੇ ਦੀ ਪ੍ਰਸਿੱਧ ਧਾਰਮਿਕ ਸ਼ਖਸ਼ੀਅਤ ਨੂੰ ਸ਼ਹੀਦ ਕਰ ਦੇਣ। ਇਹ ਹੋ ਸਕਦਾ ਹੈ ਕਿ ਜਿਵੇਂ ਉਸ ਨੇ ਰਿਸ਼ਤੇ ਵੇਲੇ ਹੰਕਾਰ ਵਿੱਚ ਆ ਕੇ ਮਾੜੇ ਸ਼ਬਦ ਬੋਲੇ ਸਨ, ਉਹੋ ਜਿਹੇ ਹੀ ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਬੋਲ ਦਿੱਤੇ ਹੋਣ ਕਿ ਇਹ ਕਰਤੂਤ ਮੈਂ ਜਹਾਂਗੀਰ ਨੂੰ ਕਹਿ ਕੇ ਕਰਵਾਈ ਹੈ। ਇਸ ਤੋਂ ਇਲਾਵਾ ਇਹ ਵੀ ਵਰਨਣਯੋਗ ਹੈ ਕਿ ਭਾਈ ਗੁਰਦਾਸ ਜੀ ਪੰਜਵੇਂ ਪਾਤਸ਼ਾਹ ਦੇ ਸਮਕਾਲੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਲਿਖੇ ਆਪਣੇ ਸ਼ਬਦ, ਉਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ॥ ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ॥" ਵਿੱਚ ਚੰਦੂ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਇਸ ਤੋਂ ਸਾਫ ਜ਼ਾਹਰ ਹੈ ਕਿ ਚੰਦੂ ਦੀਆਂ ਸਾਜਿਸ਼ਾਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਨਹੀਂ ਸਨ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਸਭ ਤੋਂ ਵੱਡਾ ਕਾਰਨ ਜਹਾਂਗੀਰ ਦਾ ਮੁਤੱਸਬੀ ਤਬੀਅਤ ਦਾ ਹੋਣਾ ਸੀ। ਆਪਣੇ ਪਿਤਾ ਅਕਬਰ ਮਹਾਨ ਦੇ ਉਲਟ ਉਹ ਧਾਰਮਿਕ ਪੱਖੋਂ ਅਸਹਿਣਸ਼ੀਲ ਅਤੇ ਕੱਟੜਵਾਦੀ ਸੀ। ਉਸ 'ਤੇ ਸ਼ੇਖ ਅਹਿਮਦ ਸਰਹੰਦੀ (ਜਿਸ ਦਾ ਮਜ਼ਾਰ ਰੋਜ਼ਾ ਸ਼ਰੀਫ, ਗੁਰਦਵਾਰਾ ਫਤਿਹਗੜ੍ਹ ਸਾਹਿਬ ਦੇ ਬਿਲਕੁਲ ਨਾਲ ਲੱਗਦਾ ਹੈ), ਵਰਗੇ ਕੱਟੜਪੰਥੀ ਮੁਲਾਣਿਆਂ ਦਾ ਬਹੁਤ ਪ੍ਰਭਾਵ ਸੀ। ਸ਼ੇਖ ਸਰਹੰਦੀ ਭਾਰਤ ਵਿੱਚ ਅਕਬਰ ਦੇ ਚਲਾਏ ਦੀਨੇ ਇਲਾਹੀ ਧਰਮ ਦਾ ਸਭ ਤੋਂ ਵੱਡਾ ਆਲੋਚਕ ਸੀ। ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਜਹਾਂਗੀਰ ਨੂੰ ਇੱਕ ਪ੍ਰਸੰਸਾਮਈ ਚਿੱਠੀ ਲਿਖੀ ਸੀ ਕਿ ਅੱਜ ਤੁਸੀਂ ਆਪਣੇ ਬਾਪ ਦੀਆਂ ਕੀਤੀਆਂ ਦੀਨ ਵਿਰੋਧੀ ਗਲਤੀਆਂ ਨੂੰ ਸੁਧਾਰ ਲਿਆ ਹੈ। ਆਪਣੀ ਸਵੈ ਜੀਵਨੀ ਵਿੱਚ ਜਹਾਂਗੀਰ ਲਿਖਦਾ ਹੈ, ਉਬਿਆਸ ਦਰਿਆ ਦੇ ਕੰਢੇ ਇੱਕ ਅਰਜਨ ਨਾਮ ਦਾ ਸਾਧੂ ਆਪਣੇ ਝੂਠ ਦੀ ਦੁਕਾਨ ਚਲਾ ਰਿਹਾ ਹੈ। ਕਈ ਅੰਧ ਵਿਸ਼ਵਾਸੀ ਹਿੰਦੂ ਤੇ ਮੂਰਖ ਮੁਸਲਮਾਨ ਉਸ ਦੇ ਮੁਰੀਦ ਬਣ ਗਏ ਹਨ। ਮੈਂ ਬਹੁਤ ਦਿਨਾਂ ਤੋਂ ਸੋਚ ਰਿਹਾ ਸੀ ਕਿ ਜਾਂ ਤਾਂ ਇਸ ਨੂੰ ਸੱਚੇ ਧਰਮ ਵਿੱਚ ਲੈ ਆਵਾਂ ਤੇ ਜਾਂ ਯਾਸਾ ਅਧੀਨ ਸਜ਼ਾ ਦੇਵਾਂ।" ਯਾਸਾ ਧਾਰਮਿਕ ਪੁਰਸ਼ਾਂ ਨੂੰ ਸ਼ਹੀਦ ਕਾਰਨ ਦਾ ਇੱਕ ਮੰਗੋਲ ਤਰੀਕਾ ਹੈ ਜਿਸ ਅਧੀਨ ਮਹਾਂਪੁਰਸ਼ ਦਾ ਖ਼ੂਨ ਪਾਪ ਲੱਗਣ ਦੇ ਡਰੋਂ ਧਰਤੀ ਉੱਪਰ ਨਹੀਂ ਡੁੱਲਣ ਦਿੱਤਾ ਜਾਂਦਾ। ਇਹ ਅਧੀਨ ਮਕਤੂਲ ਦਾ ਕੋਈ ਅੰਗ ਨਹੀਂ ਵੱਢਿਆ ਜਾ ਸਕਦਾ ਬਲਕਿ ਪਾਣੀ ਵਿੱਚ ਉਬਾਲ ਕੇ, ਅੱਗ ਵਿੱਚ ਸਾੜ ਕੇ ਜਾਂ ਜਾਨਵਰ ਦੀ ਖੱਲ ਵਿੱਚ ਸਿਉਂ ਕੇ ਮਾਰਿਆ ਜਾਂਦਾ ਹੈ। ਇਸੇ ਕਾਰਨ ਗੁਰੂ ਸਾਹਿਬ ਨੂੰ ਦੇਗ ਵਿੱਚ ਉਬਾਲਿਆ ਗਿਆ ਤੇ ਤੱਤੀ ਤਵੀ 'ਤੇ ਬਿਠਾ ਕੇ ਸੀਸ ਵਿੱਚ ਗਰਮ ਰੇਤ ਪਾਈ ਗਈ। ਇਸ ਤੋਂ ਸਾਫ ਜ਼ਾਹਰ ਹੈ ਕਿ ਜਹਾਂਗੀਰ ਗੁਰੂ ਸਾਹਿਬ ਨੂੰ ਮੁਸਲਮਾਨ ਬਣਾਉਣ ਜਾਂ ਸ਼ਹੀਦ ਕਰਨ ਦਾ ਪਹਿਲਾਂ ਹੀ ਮਨਸੂਬਾ ਬਣਾਈ ਬੈਠਾ ਸੀ।

ਗੁਰੂ ਸਾਹਿਬ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਜਹਾਂਗੀਰ ਦੇ ਵੱਡੇ ਲੜਕੇ ਖੁਸਰੋ ਮਿਰਜ਼ਾ ਦੀ ਬਗਾਵਤ ਬਣਿਆ। ਜਹਾਂਗੀਰ ਦੀਆਂ ਭੈੜੀਆਂ ਆਦਤਾਂ ਅਤੇ ਅਨੇਕਾਂ ਬਗਾਵਤਾਂ ਕਾਰਨ ਅਕਬਰ ਉਸ ਤੋਂ ਬਹੁਤ ਨਰਾਜ਼ ਸੀ ਤੇ ਜਹਾਂਗੀਰ ਦੀ ਜਗ੍ਹਾ ਖੁਸਰੋ ਨੂੰ ਬਾਦਸ਼ਾਹ ਬਣਾਉਣ ਦਾ ਫੈਸਲਾ ਕਰ ਲਿਆ ਸੀ। ਪਰ ਬਦਕਿਸਮਤੀ ਨੂੰ ਸੰਨ 1605 ਵਿੱਚ ਅਕਬਰ ਦੀ ਹੋਈ ਅਚਾਨਕ ਮੌਤ ਕਾਰਨ ਜਹਾਂਗੀਰ ਬਾਦਸ਼ਾਹ ਬਣ ਗਿਆ। ਪਰ ਖੁਸਰੋ ਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਉਸ ਨੇ 6 ਅਪਰੈਲ 1606 ਨੂੰ ਬਗਾਵਤ ਕਰ ਦਿੱਤੀ ਤੇ 8000 ਸੈਨਿਕਾਂ ਦੇ ਦਸਤੇ ਨਾਲ ਲਾਹੌਰ 'ਤੇ ਕਬਜ਼ਾ ਕਰਨ ਲਈ ਚੱਲ ਗਿਆ। ਰਸਤੇ ਵਿੱਚ ਗੋਇੰਦਵਾਲ ਦੇ ਸਥਾਨ 'ਤੇ ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਜਿੱਤ ਦਾ ਅਸ਼ੀਰਵਾਦ ਮੰਗਿਆ। ਗੁਰੂ ਸਾਹਿਬ ਨੇ ਗੁਰੂ ਘਰ ਦੀ ਪਰੰਪਰਾ ਮੁਤਾਬਕ ਉਸ ਦਾ ਸਵਾਗਤ ਕੀਤਾ ਤੇ ਉਹ ਲਾਹੌਰ ਨੂੰ ਕੂਚ ਕਰ ਗਿਆ। ਉਸ ਨੇ ਲਾਹੌਰ ਨੂੰ ਘੇਰਾ ਪਾ ਲਿਆ ਪਰ ਕਬਜ਼ਾ ਨਾ ਕਰ ਸਕਿਆ ਤੇ ਐਨੇ ਨੂੰ ਜਹਾਂਗੀਰ ਦੀ ਕਮਾਂਡ ਹੇਠ ਮੁਗਲ ਫੌਜ ਪਹੁੰਚ ਗਈ। ਭੈਰੋਵਾਲ ਦੀ ਜੰਗ ਵਿੱਚ ਖੁਸਰੋ ਹਾਰ ਗਿਆ ਤੇ ਉਸ ਨੂੰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਖੁਸਰੋ ਦੇ ਸਾਥੀਆਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸੂਲੀ 'ਤੇ ਟੰਗ ਦਿੱਤਾ ਗਿਆ ਤੇ ਖੁਸਰੋ ਨੂੰ ਅੱਖਾਂ ਦੀਆਂ ਪਲਕਾਂ ਸਿਉਂ ਕੇ ਕੈਦ ਵਿੱਚ ਸੁੱਟ ਦਿੱਤਾ ਜਿੱਥੇ 1622 ਵਿੱਚ ਉਸ ਦੀ ਮੌਤ ਹੋ ਗਈ।

ਜਦੋਂ ਖੁਸਰੋ ਅਤੇ ਗੁਰੂ ਸਾਹਿਬ ਦੀ ਮੁਲਾਕਾਤ ਬਾਰੇ ਖਬਰ ਦਿੱਲੀ ਪਹੁੰਚੀ ਤਾਂ ਪਹਿਲਾਂ ਹੀ ਮੌਕੇ ਦੀ ਭਾਲ ਵਿੱਚ ਬੈਠੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਸਾਹਮਣੇ ਜਾਨ ਬਚਾਉਣ ਲਈ ਮੁਸਲਮਾਨ ਬਣਨ, ਦੋ ਲੱਖ ਜ਼ੁਰਮਾਨਾ ਭਰਨ ਅਤੇ ਆਦਿ ਗ੍ਰੰਥ ਵਿੱਚ ਜਹਾਂਗੀਰ ਦੀ ਮਰਜ਼ੀ ਮੁਤਾਬਕ ਸੋਧ ਕਰਨ ਦੀ ਤਜ਼ਵੀਜ ਰੱਖੀ ਗਈ। ਗੁਰੂ ਸਾਹਿਬ ਨੇ ਸਾਰੀਆਂ ਸ਼ਰਤਾਂ ਤੋਂ ਇਨਕਾਰ ਕਰ ਦਿੱਤਾ ਅਤੇ ਸ਼ਹੀਦੀ ਗਲੇ ਲਗਾਉਣ ਨੂੰ ਤਰਜ਼ੀਹ ਦਿੱਤੀ। ਸਾਈਂ ਮੀਆਂ ਮੀਰ ਨੇ ਗੁਰੂ ਸਾਹਿਬ ਨੂੰ ਬਚਾਉਣ ਦੀ ਬਹੁਤ ਵਾਹ ਲਗਾਈ ਪਰ ਸਫਲ ਨਾ ਹੋ ਸਕਿਆ। ਭਾਰੀ ਤਸੀਹੇ ਦੇ ਕੇ 30 ਮਈ 1606 ਵਾਲੇ ਦਿਨ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਕਿਸੇ ਸਮਕਾਲੀ ਹਿੰਦੂ ਜਾਂ ਮੁਸਲਿਮ ਇਤਿਹਾਸਕਾਰ ਵੱਲੋਂ ਕੋਈ ਅੱਖੀਂ ਡਿੱਠਾ ਵੇਰਵਾ ਨਹੀਂ ਮਿਲਦਾ। ਮੁਹੰਮਦ ਲਤੀਫ, ਕਨਿੰਘਮ, ਮੈਕਾਲਿਫ ਜਾਂ ਸਿੱਖ ਇਤਿਹਾਸਕਾਰਾਂ ਵੱਲੋਂ ਇਸ ਸਬੰਧੀ ਜੋ ਵੀ ਲਿਖਿਆ ਗਿਆ ਹੈ, ਉਹ ਦੋ ਢਾਈ ਸੌ ਸਾਲ ਬਾਅਦ ਸੁਣੀਆਂ ਸੁਣਾਈਆਂ ਗੱਲਾਂ 'ਤੇ ਅਧਾਰਿਤ ਹੈ। ਪਰ ਇਸ ਦਾ ਅੱਖੀਂ ਡਿੱਠਾ ਹਾਲ ਸਿਰਫ ਇੱਕ ਵਿਅਕਤੀ, ਲਿਸਬਨ ਸ਼ਹਿਰ (ਪੁਰਤਗਾਲ) ਦੇ ਰਹਿਣ ਵਾਲੇ ਈਸਾਈ ਪਾਦਰੀ ਜੇਰੋਮ ਜ਼ੈਵੀਅਰ (1549 - 1617 ਈਸਵੀ) ਨੇ ਵਿਸਥਾਰ ਨਾਲ ਲਿਖਿਆ ਹੈ। ਉਸ ਵਕਤ ਉਹ ਪੁਰਤਗਾਲ ਦੇ ਕਬਜ਼ੇ ਵਾਲੇ ਗੋਆ ਦੀ ਮੁੱਖ ਚਰਚ ਵੱਲੋਂ ਧਰਮ ਪ੍ਰਚਾਰ ਦੇ ਮਿਸ਼ਨ ਅਧੀਨ ਲਾਹੌਰ ਵਿੱਚ ਹਾਜ਼ਰ ਸੀ। ਉਸ ਨੇ ਗੁਰੂ ਸਾਹਿਬ ਨੂੰ ਦਿੱਤੇ ਗਏ ਸਾਰੇ ਤਸੀਹੇ ਆਪਣੀ ਅੱਖੀਂ ਵੇਖੇ ਸਨ। ਉਹ ਲਿਖਦਾ ਹੈ ਕਿ ਲਾਹੌਰ ਦੇ ਸਿੱਖਾਂ ਨੇ ਤਵਾਨ ਭਰ ਕੇ ਗੁਰੂ ਸਾਹਿਬ ਨੂੰ ਬਚਾਉਣ ਦਾ ਯਤਨ ਕੀਤਾ ਪਰ ਸਫਲ ਨਾ ਹੋ ਸਕੇ। ਉਸ ਨੇ ਲਿਬਸਨ ਚਰਚ (ਪੁਰਤਗਾਲ) ਨੂੰ ਲਿਖੀ ਆਪਣੀ ਚਿੱਠੀ ਵਿੱਚ ਗੁਰੂ ਸਾਹਿਬ ਨੂੰ ਦਿੱਤੇ ਗਏ ਤਸੀਹਿਆਂ ਅਤੇ ਜਿਸ ਸਬਰ ਅਤੇ ਸ਼ਹਿਣਸ਼ੀਲਤਾ ਨਾਲ ਗੁਰੂ ਸਾਹਿਬ ਨੇ ਇਸ ਜ਼ੁਲਮ ਦਾ ਸਾਹਮਣਾ ਕੀਤਾ ਸੀ, ਸੰਬੰਧੀ ਬਹੁਤ ਹੀ ਪ੍ਰਸੰਸਾਮਈ ਤਰੀਕੇ ਨਾਲ ਵੇਰਵਾ ਦਿੱਤਾ ਹੈ। ਇਹ ਗੁਰੂ ਸਾਹਿਬ ਦੀ ਸ਼ਹੀਦੀ ਦਾ ਇੱਕੋ ਇੱਕ ਅਤੇ ਸਟੀਕ ਅੱਖੀਂ ਡਿੱਠਾ ਵਰਨਣ ਹੈ। ਗੁਰੂ ਸਾਹਿਬ ਦੀ ਸ਼ਹੀਦੀ ਵਾਲੇ ਅਸਥਾਨ 'ਤੇ ਗੁਰਦਵਾਰਾ ਡੇਰਾ ਸਾਹਿਬ ਬਣਿਆ ਹੋਇਆ ਹੈ ਜਿਸ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ।















### ਟੋਰਾਂਟੋ ਕਬੱਡੀ ਸੀਜ਼ਨ-2024

# ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦਾ ਪਲੇਠੇ ਕੱਪ ’ਤੇ ਕਬਜ਼ਾ

## ☛ ਓਂਟਾਰੀਓ ਕਬੱਡੀ ਕਲੱਬ ਨੇ ਕਰਵਾਇਆ ਸ਼ਾਨਦਾਰ ਕੱਪ ☛ ਰਵੀ ਦਿਉਰਾ ਤੇ ਸ਼ੀਲੂ ਹਰਿਆਣਾ ਬਣੇ ਸਰਵੋਤਮ ਖਿਡਾਰੀ



ਕੱਪ ਜੇਤੂ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੂੰ ਟਰਾਫੀ ਸੌਂਪਦੇ ਹੋਏ ਕਲੱਬ ਦੇ ਚੇਅਰਮੈਨ ਗੁਰਲਾਟ ਸਹੋਤਾ, ਫੈਡਰੇਸ਼ਨ ਪ੍ਰਧਾਨ ਜਸਵਿੰਦਰ ਸ਼ੋਕਰ, ਚੇਅਰਮੈਨ ਇੰਦਰਜੀਤ ਧੁੱਗਾ ਤੇ ਪ੍ਰਬੰਧਕ।



ਜੂਨੀਅਰ ਵਰਗ ਦੀ ਜੇਤੂ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ ਟਰਾਫੀ ਸੌਂਪਦੇ ਹੋਏ ਗੁਰਲਾਟ ਸਹੋਤਾ ਤੇ ਸਾਥੀ।

ਦੁਨੀਆ ਦੀ ਸਭ ਤੋਂ ਮਹਿੰਗੀ ਕਬੱਡੀ ਵਜੋਂ ਮਸ਼ਹੂਰ ਟੋਰਾਂਟੋ ਦਾ ਕਬੱਡੀ ਸੀਜ਼ਨ, ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਦੇ ਬੈਨਰ ਹੇਠ ਓਂਟਾਰੀਓ ਕਬੱਡੀ ਕਲੱਬ (ਓ ਕੇ ਸੀ) ਵੱਲੋਂ ਕਰਵਾਏ ਗਏ ਪਲੇਠੇ ਕੱਪ ਨਾਲ ਹੋ ਗਿਆ ਹੈ। ਸੀਏਏ ਸੈਂਟਰ ’ਚ ਕਰਵਾਏ ਇਸ ਕੱਪ ਨੂੰ ਜਿੱਤਣ ਦਾ ਮਾਣ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ ਪ੍ਰਾਪਤ ਕੀਤਾ ਹੈ। ਮੇਜ਼ਬਾਨ ਕਲੱਬ ਦੀ ਟੀਮ ਉਪ ਜੇਤੂ ਰਹੀ। ਜੂਨੀਅਰ ਟੀਮਾਂ ਦੇ ਮੁਕਾਬਲੇ ’ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗੱਭਰੇਟ ਅੱਵਲ ਰਹੇ। ਓਕੇਸੀ ਦੇ ਪ੍ਰਧਾਨ ਬਿੱਲਾ ਥਿਆੜਾ ਤੇ ਚੇਅਰਮੈਨ ਗੁਰਲਾਟ ਸਹੋਤਾ (ਲਾਡਾ ਸਹੋਤਾ) ਦੀ ਅਗਵਾਈ ’ਚ ਕਰਵਾਏ ਗਏ ਇਸ ਕੱਪ ਦਾ ਹਜ਼ਾਰਾਂ ਦਰਸ਼ਕਾਂ ਨੇ ਖੁਸ਼ਗਵਾਰ ਮੌਸਮ ’ਚ ਅਨੰਦ ਮਾਣਿਆ। ਇਸ ਮੌਕੇ ਪਿਛਲੇ ਦਿਨੀ ਸਦੀਵੀ ਵਿਛੋੜਾ ਦੇਣ ਵਾਲੇ ਨਾਮਵਰ ਕਬੱਡੀ ਖਿਡਾਰੀ ਪਰਮਜੀਤ ਸਿੰਘ ਪੰਮਾ ਸੋਹਾਣਾ ਨੂੰ ਪ੍ਰਬੰਧਕਾਂ, ਖਿਡਾਰੀਆਂ ਤੇ ਦਰਸ਼ਕਾਂ ਨੇ ਮੋਨ ਧਾਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ।


ਮੁਕਾਬਲੇਬਾਜ਼ੀ ਦਾ ਦ੍ਰਿਸ਼

**ਪ੍ਰਬੰਧਕੀ ਟੀਮ:–** ਓਂਟਾਰੀਓ ਕਬੱਡੀ ਕਲੱਬ ਵੱਲੋਂ ਕਰਵਾਏ ਗਏ ਇਸ ਸਫਲ ਕੱਪ ਦਾ ਆਯੋਜਨ ਪ੍ਰਧਾਨ ਬਿੱਲਾ ਥਿਆੜਾ, ਚੇਆਰਮੈਨ ਗੁਰਲਾਟ ਸਹੋਤਾ (ਲਾਡਾ ਸਹੋਤਾ), ਸਕੱਤਰ ਪਿੰਦਾ ਤੂਰ, ਖਜ਼ਾਨਚੀ ਗੁਰਪ੍ਰੀਤ ਢੇਸੀ, ਮੀਤ ਪ੍ਰਧਾਨ ਗੁਰਦੇਵ ਥਿੰਦ, ਮੀਤ ਚੇਅਰਮੈਨ ਤੀਰਥ ਗਾਖਲ, ਕੋਚ ਭਾਈ ਗਾਖਲ, ਸ਼ੇਰਾ ਮੰਡੇਰ, ਮਨਪ੍ਰੀਤ ਢੇਸੀ ਤੇ ਬਲਜਿੰਦਰ ਸਿੰਘ, ਮੈਂਬਰ ਹੈਰੀ ਸਹੋਤਾ, ਮੱਖਣ ਸਹੋਤਾ, ਤਲਵਿੰਦਰ ਥਿਆੜਾ, ਅਮਰਜੀਤ ਥਿਆੜਾ, ਕੁਲਦੀਪ ਸਿੰਘ, ਸੁੱਖਾ ਮੰਡੇਰ, ਪਰਮਜੀਤ ਜੱਜ, ਕੁਲਦੀਪ ਸਿੰਘ ਚੰਦੀ, ਮੱਖਣ ਸਹੋਤਾ, ਪੱਪੂ ਢੱਟ ਤੇ ਕਾਲਾ ਸੰਘਿਆਂ ਆਦਿ ਵੱਲੋਂ ਸਖਤ ਮਿਹਨਤ ਨਾਲ ਕਰਵਾਇਆ ਗਿਆ।

**ਮਹਿਮਾਨ-ਸਨਮਾਨ:–** ਇਸ ਕੱਪ ਦੌਰਾਨ ਬਹੁਤ ਸਾਰੀਆਂ ਰਾਜਨੀਤਿਕ, ਸਮਾਜਿਕ ਤੇ ਖੇਡਾਂ ਨਾਲ ਜੁੜੀਆਂ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਮਨਿੰਦਰ ਸਿੱਧੂ ਤੇ ਕਵਿੰਦਰ ਗਹੀਰ ਵਿਸ਼ੇਸ਼ ਮਹਿਮਾਨਾਂ ਵਜੋਂ ਪੁੱਜੇ। ਜਿੰਨਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਭਰਦੇ ਕੌਮਾਂਤਰੀ ਤੀਰ ਅੰਦਾਜ਼ ਕੰਵਰਪਾਲ ਸਿੰਘ ਤੇਜਾ (ਵਿਸ਼ਵ ਰਿਕਾਰਡ ਸਿਰਜਕ) ਦਾ ਵੀ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਕਬੱਡੀ ਨਾਲ ਜੁੜੀਆਂ ਸ਼ਖਸ਼ੀਅਤਾਂ ਕੋਚ ਸਰਦੂਲ ਸਿੰਘ ਰੰਧਾਵਾ, ਸੁਰਿੰਦਰ ਸਿੰਘ ਟੋਨੀ ਕਾਲਖ, ਕਿੰਦਾ ਬਿਹਾਰੀਪੁਰੀਆ, ਸੰਦੀਪ ਲੱਲੀਆਂ ਆਦਿ ਪੁੱਜੇ। ਇਸ ਮੌਕੇ ਜਸਵੰਤ ਖੜਗ ਹੋਰਾਂ ਦਾ ਰਸਾਲਾ ‘ਉੱਤਮ ਖੇਡ ਕਬੱਡੀ’ ਵੀ ਰਿਲੀਜ਼ ਕੀਤਾ ਗਿਆ।

**ਕਬੱਡੀ ਮੁਕਾਬਲੇ:–** ਇਸ ਕੱਪ ਦੇ ਪਹਿਲੇ ਮੈਚ ’ਚ ਓਂਟਾਰੀਓ ਕਬੱਡੀ ਕਲੱਬ ਦੀ ਟੀਮ ਨੇ ਫਸਵੇਂ ਮੁਕਾਬਲੇ ’ਚ ਗ੍ਰੇਟਰ ਟੋਰਾਂਟੋ ਏਰੀਆ ਕਲੱਬ (ਜੀ ਟੀ ਏ) ਨੂੰ 39-35.5 ਅੰਕਾਂ ਨਾਲ ਹਰਾਇਆ। ਦੂਸਰੇ ਮੈਚ ’ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ ਬੇਹੱਦ ਰੋਚਕ ਮੈਚ ਦੌਰਾਨ 33.5-31 ਅੰਕਾਂ ਨਾਲ ਹਰਾਇਆ। ਤੀਸਰੇ ਮੈਚ ’ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਨੇ ਜੀ ਟੀ ਏ ਦੀ ਟੀਮ ਨੂੰ 37.5-29 ਅੰਕਾਂ ਨਾਲ ਹਰਾਕੇ ਸੈਮੀਫਾਈਨਲ ’ਚ ਥਾਂ ਬਣਾਈ। ਚੌਥੇ ਮੈਚ ’ਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 34.5-29 ਅੰਕਾਂ ਨਾਲ ਹਰਾਕੇ ਸੈਮੀਫਾਈਨਲ ’ਚ ਥਾਂ ਬਣਾਈ। ਪਹਿਲੇ ਸੈਮੀਫਾਈਨਲ ’ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 41.5-37 ਅੰਕਾਂ ਨਾਲ ਹਰਾਕੇ, ਫਾਈਨਲ ’ਚ ਥਾਂ ਬਣਾਈ। ਦੂਸਰੇ ਸੈਮੀਫਾਈਨਲ ’ਚ ਮੇਜ਼ਬਾਨ ਓ ਕੇ ਸੀ ਦੀ ਟੀਮ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 42-38.5 ਅੰਕਾਂ ਨਾਲ ਹਰਾਕੇ ਖਿਤਾਬੀ ਦੌੜ ’ਚ ਨਾਮ ਦਰਜ ਕਰਵਾਇਆ। ਫਾਈਨਲ ਮੈਚ ’ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ ਓ ਕੇ ਸੀ ਦੀ ਟੀਮ ਨੂੰ 44.5-37 ਅੰਕਾਂ ਨਾਲ ਹਰਾਕੇ ਟੋਰਾਂਟੋ ਸੀਜ਼ਨ ਦੇ ਪਹਿਲੇ ਕੱਪ ’ਤੇ ਕਬਜ਼ਾ ਕੀਤਾ। ਅੰਡਰ-21 ਵਰਗ ਦੇ ਪਹਿਲੇ ਮੈਚ ਵਿੱਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੇ ਓ ਕੇ ਸੀ ਦੀ ਟੀਮ ਨੂੰ 31-25.5 ਅੰਕਾਂ ਨਾਲ ਹਰਾਇਆ। ਫਿਰ ਫਾਈਨਲ ਮੈਚ ’ਚ ਭੋਲਾ ਲਿੱਟ ਤੇ ਟੋਨੀ ਕਾਲਖ ਦੀ ਸਿਖਲਾਈ ਯਾਫਤਾ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗੱਭਰੇਟਾਂ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 44-26 ਅੰਕਾਂ ਨਾਲ ਹਰਾਕੇ ਪਹਿਲਾ ਸਥਾਨ ਹਾਸਲ ਕੀਤਾ।

**ਸਰਵੋਤਮ ਖਿਡਾਰੀ:–** ਇਸ ਵਾਰ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵੱਲੋਂ ਬਣਾਏ ਗਏ ਨਵੇਂ ਨਿਯਮ ਅਨੁਸਾਰ ਸੈਮੀਫਾਈਨਲ ਤੇ ਫਾਈਨਲ ਦੀ ਕਾਰਗੁਜ਼ਾਰੀ ਦੇ ਅਧਾਰ ’ਤੇ ਸਰਵੋਤਮ ਖਿਡਾਰੀਆਂ ਦੀ ਚੋਣ ਕੀਤੀ ਗਈ। ਜਿਸ ਤਹਿਤ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੇ ਖਿਡਾਰੀ ਸ਼ੀਲੂ ਹਰਿਆਣਾ ਨੇ ਦੋਨਾਂ ਮੈਚਾਂ ਦੌਰਾਨ 28 ਟੱਚ ਲਗਾਕੇ 9 ਜੱਫੇ ਲਗਾਏ ਅਤੇ ਸਰਵੋਤਮ ਜਾਫੀ ਦਾ ਖਿਤਾਬ ਜਿੱਤਿਆ। ਇਸੇ ਤਰ੍ਹਾਂ ਇੱਕ ਹੋਰ ਹਰਿਆਣਵੀ ਖਿਡਾਰੀ ਰਵੀ ਦਿਉਰਾ ਨੇ ਸਿਖਰਲੇ ਦੋਨਾਂ ਮੈਚਾਂ ਦੌਰਾਨ 27 ਰੇਡਾਂ ਪਾਕੇ, 25 ਅੰਕ ਹਾਸਿਲ ਕੀਤੇ ਅਤੇ ਸਰਵੋਤਮ ਧਾਵੀ ਦਾ ਖਿਤਾਬ ਆਪਣੇ ਨਾਮ ਕੀਤਾ। ਦੱਸਣਯੋਗ ਹੈ ਕਿ ਇਹ ਦੋਨੋਂ ਖਿਡਾਰੀ ਪਿਛਲੇ ਸੀਜ਼ਨ ਦੇ ਵੀ ਆਪੋ-ਆਪਣੇ ਵਰਗਾਂ ’ਚ ਸਰਵੋਤਮ ਖਿਡਾਰੀ ਬਣੇ ਸਨ।

**ਸੰਚਾਲਕ ਦਲ:–** ਇਸ ਟੂਰਨਾਮੈਂਟ ਦਾ ਸੰਚਾਲਨ ਅੰਪਾਇਰ ਪੱਪੂ ਭਦੌੜ, ਬਲਵੀਰ ਨਿੱਝਰ, ਸਵਰਨਾ ਵੈਲੀ, ਬਿੰਨਾ ਮਲਿਕ, ਨੀਟੂ ਸਰਾਏ ਤੇ ਸਾਬੀ ਨੇ ਕੀਤਾ। ਟੀਵੀ ਅੰਪਾਇਰਾਂ ਦੀ ਜਿੰਮੇਵਾਰੀ ਸਾਬਕਾ ਖਿਡਾਰੀ ਬੀਰਾ ਸਿੱਧਵਾਂ ਤੇ ਅਜਮੇਰ ਜਲਾਲ ਨੇ ਨਿਭਾਈ। ਪੂਰੇ ਮੈਚਾਂ ਦੇ ਹਰ ਇੱਕ ਅੰਕ ਦਾ ਵੇਰਵਾ ਜਸਵੰਤ ਖੜਗ, ਮਨੀ ਖੜਗ ਤੇ ਮਨਸਿਮਰਨ ਸਿੰਘ ਸਹੋਤਾ ਨੇ ਇਕੱਤਰ ਕੀਤਾ। ਪ੍ਰੋ. ਮੱਖਣ ਸਿੰਘ ਹਕੀਮਪੁਰ, ਸੁਰਜੀਤ ਕਕਰਾਲੀ, ਛਿੰਦਰ ਧਾਲੀਵਾਲ, ਮੱਖਣ ਅਲੀ, ਕਾਲਾ ਰਛੀਨ, ਇਕਬਾਲ ਗਾਲਿਬ ਤੇ ਪ੍ਰਿਤਾ ਸ਼ੇਰਗੜ੍ਹ ਚੀਮਾ ਨੇ ਆਪਣੀ ਕੁਮੈਂਟਰੀ ਕਲਾ ਰਾਹੀਂ ਮੈਚਾਂ ਨੂੰ ਰੋਚਕ ਬਣਾਕੇ ਪੇਸ਼ ਕੀਤਾ। ਮੰਚ ਸੰਚਾਲਨ ਪਿੰਦਾ ਤੂਰ ਨੇ ਕੀਤਾ।

**ਤਿਰਛੀ ਨਜ਼ਰ:–** ਵਧੀਆ ਘਾਹਦਾਰ ਮੈਦਾਨ ’ਚ ਖੇਡੇ ਗਏ ਇਸ ਟੂਰਨਾਮੈਂਟ ਦੌਰਾਨ ਛੇ ਖਿਡਾਰੀ ਗੰਭੀਰ ਜਖਮੀ ਹੋਏ ਜਿੰਨਾਂ ’ਚ ਗੁਰਦਿਆਲ ਬੱਬੂ ਭਿੰਡਰ, ਮਨਜੋਤ ਮਾਛੀਵਾੜਾ, ਭੀਮ ਦੁਬਲੀ, ਕਰਨ ਦਿਆਲਪੁਰਾ, ਮਨੀ ਸੰਧੂ ਚੱਠਾ ਤੇ ਫਰਿਆਦ ਅਲੀ ਸ਼ਾਮਲ ਸਨ। ਇਸ ਕਬੱਡੀ ਸੀਜ਼ਨ ਦੌਰਾਨ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵੱਲੋਂ ਪ੍ਰਧਾਨ ਜਸਵਿੰਦਰ ਸਿੰਘ ਜਸ ਛੋਕਰ, ਚੇਅਰਮੈਨ ਇੰਦਰਜੀਤ ਧੁੱਗਾ, ਮੀਤ ਪ੍ਰਧਾਨ ਸ਼ੇਰਾ ਮੰਡੇਰ, ਮੇਜਰ ਨੱਤ ਸਕੱਤਰ, ਰਾਣਾ ਸਿੱਧੂ ਖਜ਼ਾਨਚੀ, ਮਲਕੀਤ ਦਿਉਲ ਡਾਇਰੈਕਟਰ, ਸੁੱਖਾ ਰੰਧਾਵਾ ਡਾਇਰੈਕਟਰ ਤੇ ਸਮੂਹ ਮੈਂਬਰ ਸਾਹਿਬਾਨਾਂ ਦੀ ਅਗਵਾਈ ’ਚ ਬਹੁਤ ਸਾਰੇ ਨਵੇਂ ਨਿਯਮ ਬਣਾਏ ਗਏ ਜਿੰਨਾਂ ’ਚ ਖਿਡਾਰੀਆਂ ਦੀ ਕੀਮਤ ਅਤੇ ਖੇਡ ਸੰਚਾਲਨ ਸਬੰਧੀ ਵਧੀਆ ਨਿਯਮ ਵਿਸ਼ੇਸ਼ ਤੌਰ ’ਤੇ ਸ਼ਾਮਲ ਹਨ।


ਡਾ. ਸੁਖਦਰਸ਼ਨ ਸਿੰਘ ਚਹਿਲ
+919779590575

# ਦੋਗਾਣਾ ਗੀਤਕਾਰੀ ਦਾ ਬਾਬਾ ਬੋਹੜ

# ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ

ਜਦ ਵੀ ਕਿਤੇ ਦੋਗਾਣਾ ਗਾਇਕੀ ਦੀ ਗੱਲ ਚੱਲੇਗੀ ਤਾਂ ਬਤੌਰ ਗੀਤਕਾਰ ਬਾਬੂ ਸਿੰਘ ਮਾਨ ਦਾ ਨਾਮ ਸਤਿਕਾਰ ਨਾਲ ਅਗਲੀਆਂ ਸਫਾਂ ਚ ਲਿਆ ਜਾਏਗਾ । ਬਾਬੂ ਸਿੰਘ ਮਾਨ ਦਾ ਗੀਤਕਾਰੀ ਦਾ ਸਫ਼ਰ ਵਹਿੰਦੇ ਦਰਿਆ ਵਾਂਗ 60 ਸਾਲਾਂ ਤੋਂ ਨਿਰੰਤਰ ਅੱਜ ਤੱਕ ਚੱਲ ਰਿਹਾ ਹੈ ਅਤੇ ਉਹ ਕਾਫੀ ਸਮੇਂ ਤੋਂ ਉਨ੍ਹਾਂ ਦਾ ਝੁਕਾਅ ਹੁਣ ਸੋਲੋ ਗੀਤਕਾਰੀ ਵੱਲ ਹੈ ਪਰ ਮੁਹੰਮਦ ਸਦੀਕ , ਬੀਬੀ ਰਣਜੀਤ ਕੌਰ ਅਤੇ ਬਾਬੂ ਸਿੰਘ ਮਾਨ ਵੱਲੋਂ ਖੇਡੀ ਦੋਗਾਣਿਆਂ ਦੀ ਪਾਰੀ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਇੱਕ ਵੱਖਰੇ ਮੁਕਾਮ ਵਜੋਂ ਵੇਖੀ ਜਾਂਦੀ ਹੈ ।



ਬਾਬੂ ਸਿੰਘ ਮਾਨ ਨੇ ਸਿਰਫ ਗੀਤ ਹੀ ਨਹੀਂ ਲਿਖੇ , ਸਗੋਂ ਗੀਤਾਂ ਅੰਦਰ ਕਹਾਣੀਆਂ ਲਿਖੀਆਂ ।ਹਰ ਗੀਤ ਆਪਣੇ ਆਪ ਵਿੱਚ ਸੰਪੂਰਨ ਜਿਨ੍ਹਾਂ ਵਿੱਚ ਹਾਸਰਸ , ਪਰਿਵਾਰਕ ਨੋਕ ਝੋਕ , ਪੇਂਡੂ ਜੀਵਨ ਦੀ ਸਮਾਜਿਕ ਬਣਤਰ , ਨਸ਼ਾ ਤੇ ਵੈਲਪੁਣਾ ਦੇ ਦੋਵੇਂ ਪੱਖਾਂ ਨੂੰ ਰੌਚਿਕ ਢੰਗ ਨਾਲ ਉਭਾਰਿਆ ਗਿਆ । ਮਾਨ ਦੇ ਗੀਤਾਂ ਦੇ ਪਾਤਰ ਸਾਡੇ ਸਮਾਜ ਚੋਂ ਲਏ ਗਏ ਹਨ ਅਤੇ ਚੰਗੇ ਮਾੜੇ ਪੱਖ ਨੂੰ ਉਨ੍ਹਾਂ ਸਮੇਂ ਅਨੁਸਾਰ ਤਹਿਜੀਬ ਵਿੱਚ ਸ਼ਬਦਾਂ ਰਾਹੀਂ ਬਿਆਨ ਕੀਤਾ । ਬਾਬੂ ਸਿੰਘ ਮਾਨ ਨੇ ਦੋਗਾਣਾ ਲੇਖਣੀ ਦਾ ਸਫ਼ਰ ਉਸ ਸਮੇਂ ਸ਼ੁਰੂ ਕੀਤਾ ਸੀ ਜਦ ਦੋ ਗਾਣਾ ਗਾਇਕੀ ਨੂੰ ਅਛੂਤ ਮੰਨਿਆ ਜਾਂਦਾ ਸੀ । ਇੱਕ ਔਰਤ ਦਾ ਮਰਦ ਗਾਇਕ ਨਾਲ ਸਟੇਜ ਤੇ ਭਰੇ ਇਕੱਠ ਚ ਖੜ੍ਹ ਕੇ ਗਾਉਣਾ ਉਦੋਂ ਚੰਗਾ ਨਹੀਂ ਸਮਝਿਆ ਜਾਂਦਾ ਸੀ ਕਿਉਂਕਿ ਜਿਆਦਾਤਰ ਗੀਤ ਉਸ ਸਮੇਂ ਦੋ ਅਰਥੀ ਚੱਲਦੇ ਸਨ , ਇਹ ਗੱਲ ਬੀਬੀ ਰਣਜੀਤ ਕੌਰ ਨੇ ਵੀ ਇੱਕ ਇੰਟਰਵਿਊ ਚ ਮੰਨੀ ਹੈ ਪਰ ਬਾਬੂ ਸਿੰਘ ਮਾਨ ਨੇ ਇੱਕ ਵੀ ਗੀਤ ਅਜਿਹਾ ਨੀ ਲਿਖਿਆ ਜਿਸ ਤੇ ਕਿੰਤੂ ਪਰੰਤੂ ਕੀਤਾ ਜਾ ਸਕਦਾ ਹੋਵੇ ।

ਬਾਬੂ ਸਿੰਘ ਮਾਨ ਨੇ ਆਪਣੇ ਗੀਤਾਂ ਚ ਪਾਤਰ ਸਿਰਜੇ ਜੋ ਇੱਕ ਦੂਸਰੇ ਨਾਲ ਮੜਿੱਕਦੇ ਹਨ ਅਤੇ ਅਖੀਰ ਚ ਗੱਲ ਕਿਸੇ ਤਣ ਪੱਤਣ ਲਗਾ ਕੇ ਗੀਤ ਦਾ ਅੰਤ ਵੀ ਇੱਕ ਕਹਾਣੀ ਵਾਂਗੂੰ ਕੇ ਤਾ ਗਿਆ ਹੈ । ਪਾਤਰ ਸਿਰਜਣਾ ਦੇ ਨਾਲ ਗੀਤਾਂ ਵਿੱਚ ਦ੍ਰਿਸ਼ ਸਿਰਜਣਾ ਵੀ ਕੀਤੀ ਗਈ ਹੈ ਜਿਸ ਨੂੰ ਬਾਕਮਾਲ ਸ਼ਬਦਾਂ ਰਾਹੀਂ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਸਾਰਾ ਕੁੱਝ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ ।

ਤੈਨੂੰ ਵੇਖ ਆ ਗਈ ਸੁੰਨੇ ਰਾਹਾਂ ਉੱਤੇ ਆਬੀ ਨੀ
ਚਿੱਟੀਆਂ ਧੁੱਪਾਂ ਦਾ ਰੰਗ ਹੋ ਗਿਆ ਗੁਲਾਬੀ ਨੀ
ਸੁੰਨੀਆਂ ਉਜਾੜਾਂ ਗੁਲਜਾਰਾਂ ਬਣ ਜਾਣ
ਜਦ ਮਿਲਦੇ ਹਾਣ ਨੂੰ ਹਾਣੀ
ਗੋਡੀ ਲਾ ਕੇ ਪੀ ਲੈ ਬੱਲੀਏ
ਠੰਡਾ ਠਾਰ ਨੀ ਕੱਸੀ ਦਾ ਪਾਣੀ

****************

ਅੰਬਰਾਂ ਚੋਂ ਬੁਝ ਗਿਆ ਚੰਦ ਦਾ ਚਿਰਾਗ ਵੇ
ਗੂੜ੍ਹੇ ਨੀਂਦੇ ਸੁੱਤਿਆਂ ਨੂੰ ਆਉਣੀ ਨਹੀਂਉ ਜਾਗ ਵੇ
ਪੁੰਨਿਆ ਨਿਮਾਣੀ ਕਿਤੇ ਸੌਂ ਗਈ ਲੰਮੀ ਤਾਣ
ਗੋਰੇ ਮੁੱਖ ਉੱਤੇ ਕਾਲਾ ਸ਼ਾਲੂ ਬੱਦਲਾਂ ਦਾ ਓਹੜ ਕੇ
ਵਗਣ ਪਰਨਾਲੇ ਪਾਣੀ ਲੈ ਨਾ ਜਾਏ ਰੋੜ੍ਹ ਕੇ

ਬਾਬੂ ਸਿੰਘ ਮਾਨ ਨੇ ਆਪਣੇ ਗੀਤਾਂ ਵਿਚ ਦਿਉਰ ਭਰਜਾਈ , ਜੇਠ ਭਰਜਾਈ , ਛੜਾ , ਪਤੀ ਪਤਨੀ ਦੇ ਰਿਸ਼ਤਿਆਂ ਦੀ ਨੋਕ ਝੋਕ ਨੂੰ ਬਾਖੂਬੀ ਚਿਤਰਿਆ ਹੈ । ਮਹਿਜ ਤੁਕਬੰਦੀ ਹੀ ਨਹੀਂ ਸਗੋਂ ਇੱਕ ਫਿਕਰੇ ਨੂੰ ਗੀਤ ਦੇ ਇੱਕ ਪਹਿਰੇ ਚ ਸਮੇਟ ਦੇਣਾ ਵੀ ਉਨ੍ਹਾਂ ਦੇ ਹਿੱਸੇ ਆਇਆ । ਪੇਸ਼ ਹੈ ਇੱਕ ਵੰਨਗੀ :-

ਦਿਉਰਾ ਨਾ ਮਾਰੀਂ ਨਾ ਮਾਰੀਂ
ਹਾੜ੍ਹਾ ਇਹ ਨਾ ਕਹਿਰ ਗੁਜਾਰੀਂ
ਰੁਲਦੇ ਫਿਰਨ ਬਿਗਾਨੀਂ ਬਾਰੀਂ
ਕਿੱਧਰੇ ਬਾਲ ਨਿਆਣੇ ਨਾ
ਮੈਂ ਮਰ ਗਈ ਤਾਂ ਵੀਰ ਤੇਰੇ ਤੋਂ
ਸਾਂਭੇ ਜਾਣੇ ਨਾ ..

ਪਤੀ ਪਤਨੀ ਦੇ ਰਿਸ਼ਤੇ ਨੂੰ ਬਹੁਤ ਘੱਟ ਗੀਤਾਂ ਚ ਉਭਾਰਿਆ ਗਿਆ ਹੈ ਕਿਉਂਕਿ ਪਤੀ ਪਤਨੀ ਜਦ ਕਬੀਲਦਾਰੀ ਦੀ ਗੱਡੀ ਦੇ ਦੋ ਪਹੀਏ ਬਣ ਜਾਂਦੇ ਨੇ ਤਾਂ ਰੋਮਾਂਸ ਨਾਮ ਦੀ ਚੀਜ ਗਾਇਬ ਹੋਣੀ ਸ਼ੁਰੂ ਹੋ ਜਾਂਦੀ ਹੈ ਪਰ ਬਾਬੂ ਸਿੰਘ ਮਾਨ ਨੇ ਪਤੀ ਪਤਨੀ ਦੀ ਨੋਕ ਝੋਕ ਤੇ ਅਨੇਕਾਂ ਗੀਤ ਲਿਖੇ :-

* ਜਦੋਂ ਮੈਂ ਮਰਗੀ ਵੇ ਤੂੰ ਹੋ ਜਾਈ ਭਾਬੋ ਨਾਲ
* ਟੈਲੀਵਿਜ਼ਨ ਲੈਦੇ ਵੇ ਤਸਵੀਰਾਂ ਬੋਲਦੀਆਂ
* ਦੱਸ ਕਿੱਥੋਂ ਭਾਲਣ ਜਾਵਾਂਗੇ ਕੋਈ ਖੋਜ ਖੁਰਾ ਨਾ
* ਪੱਟ ਦਿੱਤੀ ਗੁੱਤ ਮੈਂ ਚੁੜੇਲ ਸੱਸ ਦੀ
* ਜੱਟਾ ਲਿਆ ਪੰਜੀਰੀ ਖਾਈਏ
* ਕੋਈ ਹੋਰ ਨਾ ਚੁਬਾਰੇ ਵਿੱਚ ਬੋਲੇ

ਘੁੰਡ ਸ਼ਰਮ ਹਯਾ ਪੰਜਾਬਣ ਦਾ ਗਹਿਣਾ ਹੈ , ਉਸ ਦੇ ਹੁਸਨ ਦੀ ਤਰੀਫ ਕਰਦਿਆਂ ਨਾਲ ਹੀ ਉਸ ਨੂੰ ਕੱਜ ਕੇ ਰੱਖਣ ਦੀ ਨਸ਼ੀਹਅਤ ਹੈ

ਲਾਲ ਬੁੱਲ੍ਹ ਮੁੱਖ ਗੋਰਾ ਕਾਲੀ ਅੱਖ ਨੀ
ਪਹਿਰਾ ਘੁੰਡ ਦਾ ਇਨ੍ਹਾਂ ਤੇ ਲਾਕੇ ਰੱਖ ਨੀ
ਹੱਥ ਕੱਜੇ ਹੋਏ ਦਿੰਦੇ ਦੂਣੀ ਦੱਖ ਨੀ

ਮੁਹੰਮਦ ਸਦੀਕ ਅਤੇ ਰਣਜੀਤ ਕੌਰ ਦੀ ਆਵਾਜ਼ ਚ ਰਿਕਾਰਡਿੰਗ ਚਰਚਿਤ ਗੀਤ ਰੋਡਵੇਜ਼ ਦੀ ਲਾਰੀ , ਜਿਸ ਨੂੰ ਦੁਬਾਰਾ ਵੱਖ ਅਵਾਜ਼ਾਂ ਚ ਗਾਕੇ @ ਸੁਰਾਂ ਦੇ ਸਿਕੰਦਰ ਮਰਹੂਮ ਸਰਦੂਲ ਸਿਕੰਦਰ ਨੇ ਆਪਣੇ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਕੀਤੀ ਸੀ , ਉਸ ਵਿਚ ਬਾਬੂ ਸਿੰਘ ਮਾਨ ਨੇ ਇੱਕ ਕਡੰਕਟਰ ਤੇ ਸਵਾਰੀ ਦੀ ਨੋਕ ਝੋਕ ਦੇ ਰੂਪ ਵਿੱਚ ਸਾਡੇ ਭ੍ਰਿਸ਼ਟ ਸਿਸਟਮ ਤੇ ਵਿਅੰਗਮਈ ਤੰਜ ਕਸੀ ਹੈ :-

ਸਵਾਰੀ : ਮੈਥੋ ਕਿਉਂ ਸੱਚੀਆਂ ਅਖਵਾਉਂਦਾ
ਕਿਹੜਾ ਕਿੱਥੇ ਕਿੱਥੇ ਥੁੱਕ ਲਾਉਂਦਾ
ਫਿਰ ਵੀ ਹਾਲੇ ਸਬਰ ਨੀ ਆਉਂਦਾ
ਭੁੱਖੇ ਦਿਲ ਨੂੰ ਢਾਰਸ ਨੀ
ਗੌਰਮਿੰਟ ਦੀਆਂ ਚੀਜ਼ਾਂ ਦਾ
ਕੋਈ ਵਾਲੀ ਵਾਰਸ਼ ਨੀ
ਕਡੰਕਟਰ: ਕਿਉਂਕਿ ਮੈਂ ਸ਼ਾਮੀਂ ਪੀ ਲੈਂਦਾ
ਇਸੇ ਲਈ ਬਦਨਾਮੀ ਸਹਿੰਦਾ
ਉਨ੍ਹਾਂ ਨੂੰ ਕੋਈ ਕੁੱਝ ਨਹੀਂ ਕਹਿੰਦਾ
ਜਿਹੜੇ ਡੰਡਾ ਡੁੱਕਦੇ ਨੇ
ਅਸੀਂ ਮੁਫਤ ਬਦਨਾਮ ਹਾਂ
ਚੌਹਟੇ ਅਫਸਰ ਚੁੱਕਦੇ ਨੇ ..

ਬਾਬੂ ਸਿੰਘ ਮਾਨ ਨੇ ਹਰਭਜਨ ਮਾਨ ਨੂੰ ਵੀ ਅਨੇਕਾਂ ਸੋਲੋ ਗੀਤ ਲਿਖ ਕੇ ਦਿੱਤੇ , ਜਿਨ੍ਹਾਂ ਹਰਭਜਨ ਮਾਨ ਦੀ ਪਹਿਚਾਣ ਬਣਾਈ ਪਰ ਇੱਥੇ ਸਿਰਫ ਜਿਕਰ ਉਨ੍ਹਾਂ ਦੀ ਦੋਗਾਣਾ ਲੇਖਣੀ ਦਾ ਹੈ । ਅੱਜ ਦੋਗਾਣਾ ਗਾਇਕੀ ਤੇ ਗੀਤਕਾਰੀ ਵੀ ਨਵੇਂ ਰੂਪ ਚ ਉੱਭਰ ਰਹੀ ਹੈ ਪਰ ਜੋ ਸਮਾਂ ਮੁਹੰਮਦ ਸਦੀਕ - ਰਣਜੀਤ ਕੌਰ ਅਤੇ ਬਾਬੂ ਸਿੰਘ ਮਾਨ ਦੀ ਤਿੱਕੜੀ ਦਾ ਸੀ , ਉਹ ਪੰਜਾਬੀ ਦੋਗਾਣਾ ਗਾਇਕੀ ਦਾ ਸੁਨਿਹਰੀ ਦੌਰ ਸੀ ਅਤੇ ਉਨ੍ਹਾਂ ਗੀਤਾਂ ਨੂੰ ਅੱਜ ਵੀ ਚਾਅ ਨਾਲ ਸੁਣਿਆ ਜਾਂਦਾ ਹੈ ਅਤੇ ਅੱਗੇ ਇਹ ਗੀਤ ਸਦੀਆਂ ਤੱਕ ਯਾਦ ਰਹਿਣਗੇ ।

ਮੁਖਤਿਆਰ ਸਿੰਘ ਪੱਖੋ ਕਲਾਂ
+919417517655

## ਵੋਟਾਂ ਤੋਂ ਬਾਅਦ

ਕਿਹਾ ਬਾਜ਼ ਨੇ ਥੋਡਾ ਧੰਨਵਾਦ ਸਭ ਦਾ,
ਵੋਟ ਜਿਨ੍ਹਾਂ ਵੀ ਪਰਿੰਦਿਆਂ ਨੇ ਪਾਈ ਮੈਨੂੰ।

ਜੰਗਲਤੰਤਰ ਦੇ ਨਿਯਮ ਹਨ ਪਤਾ ਸਭ ਨੂੰ,
ਸਹੁੰ ਉਹਨਾਂ ਦੀ ਹੈ ਗਈ ਚੁਕਾਈ ਮੈਨੂੰ।

ਆਪਾਂ ਸਾਰਿਆਂ ਨੇ ਨਿਯਮਾਂ ਦਾ ਪਾਲਣ
ਕਰਨੈ, ਧੰਨਵਾਦ ਤੁਸੀਂ ਵੋਟ ਭੁਗਤਾਈ ਮੈਨੂੰ।

ਰੌਲਾ ਰੱਪਾ ਸੀ ਵੋਟਾਂ ਦੇ ਵਿੱਚ ਜ਼ਿਆਦਾ,
ਦੇਣ ਲਾਗਿਆ ਹੁਣ ਘੱਟ ਸੁਣਾਈ ਮੈਨੂੰ।

ਖੰਭ ਝਾੜ ਕੇ ਚਿੜੀ ਨੇ ਕਿਹਾ ਬਾਜਾ,
ਇਹੀ ਗੱਲ ਤੂੰ ਵੋਟਾਂ ਤੋਂ ਪਹਿਲਾਂ ਦਸਦਾ।

ਜੰਗਲ ਰਾਜ ਜੇ ਰੱਖਣਾ ਸੀ ਪਹਿਲਾਂ ਵਾਲਾ,
ਜਿੱਦੇਂ ਕੱਢਦਾ ਸੀ ਲੇਲ੍ਹੜੀਆਂ ਤੂੰ ਓਦੋਂ ਬਕਦਾ।

ਸਰਾਸਰ ਧੋਖਾ ਤੂੰ ਕੀਤੀ ਬੇਈਮਾਨੀ,
ਗਿਆ ਬਦਲ ਜ਼ੁਬਾਨ ਤੋਂ ਹੋ ਮਚਲਾ।

ਜੇਕਰ ਰੱਖਣੇ ਨਿਯਮ ਸਨ ਪਹਿਲਾਂ ਵਾਲੇ,
ਤੇਰੇ ਵਿੱਚ ਵੇ ਜੁਮਲਿਆਂ ਦੇ ਕੌਣ ਫਸਦਾ।

ਤੁਸੀਂ ਟਿੱਡੀਓ, ਪਲਪੀਹੀਓ, ਸੁਣੋ ਚਿੜੀਓ,
ਵੋਟਾਂ ਪਾਈਆਂ ਮੇਰੀ ਬੇਨਤੀ ਮੰਨ ਕੇ ਨੀ।

ਵੱਧ ਘੱਟ ਜੇ ਕਿਸੇ ਨੇ ਚੀਂਅ ਚੂੰਅ ਕੀਤੀ,
ਰੱਖ ਦੇਵਾਂਗੇ ਲੱਤਾਂ ਨੂੰ ਭੰਨ ਕੇ ਨੀ।

ਜਿਹੜੀ ਸਾਡੀ ਮਰਯਾਦਾ ਲਈ ਬਣੂੰ ਖ਼ਤਰਾ,
ਲੋਗੜ ਰੱਖਿਓ ਢੂਹੀ ਤੇ ਬੰਨ ਕੇ ਨੀ।

ਜੇਕਰ ਕਿਸੇ ਨੇ ਜ਼ਿਆਦਾ ਚਿਰਰ ਚਿਰਰ ਕੀਤੀ,
ਲੱਫੜ ਮਾਰੂੰਗਾ ਘੁੰਮਾ ਕੇ ਕੰਨ ਤੇ ਨੀ।

ਮਨਜੀਤ ਮਾਨ ਮੰਡੀ ਕਲਾਂ
805 411 6006




# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**


- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600's Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Den


Great Room


Kitchen


Walk-in Spice Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# VESTA ELEVATE COLLECTION
AT COOPER'S CROSSING

## ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕੋ

ਕੂਪਰਜ਼ ਕਰਾਸਿੰਗ ਦੇ ਵੱਕਾਰੀ, ਅਵਾਰਡ-ਵਿਜੇਤਾ ਭਾਈਚਾਰੇ ਵਿੱਚ ਸਥਿੱਤ ਵੇਸਟਾ ਐਲੀਵੇਟ ਕਲੈਕਸ਼ਨ ਵਿੱਚ ਪੁਰਸਕਾਰ ਜੇਤੂ ਘਰਾਂ ਦੇ ਨਾਲ ਲਗਜ਼ਰੀ ਜੀਵਨ ਦੇ ਸਿਖਰ ਦੀ ਖੋਜ ਕਰੋ। ਸ਼ਾਨਦਾਰ ਢੰਗ ਨਾਲ ਤਿਆਰ ਕੀਤੇ 3-ਮੰਜ਼ਲਾ ਵਿਲੇਜ ਟਾਊਨਹੋਮਜ਼, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਜ਼, ਅਤੇ ਮਾਸਟਰ-ਆਨ-ਮੇਨ ਬੰਗਲੋਜ਼ ਦੀ ਵਿਸ਼ੇਸ਼ਤਾ। 4,500 ਵਰਗ ਫੁੱਟ ਤੋਂ ਵੱਧ ਉੱਚੀਆਂ ਅੰਦਰੂਨੀ ਸਹੂਲਤਾਂ ਦੇ ਨਾਲ ਸ਼ਾਨਦਾਰ ਅੰਦਰੂਨੀ ਫਿਨਿਸ਼ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ ਦੇ ਨਾਲ ਆਧੁਨਿਕ ਸਮਕਾਲੀ ਮੋਨਾਰਕ ਕੰਡੋ ਦੀ ਵਿਸ਼ੇਸ਼ਤਾ




MONARCH
AT COOPERS CROSSING
LUXURY URBAN CONDOS

2 condo buildings
4 Storeys each
108 units
106 condos + 2 townhome units
670 - 1,198 SQ.FT.




2-STOREY TOWNHOMES
3 Bedrooms + Loft | 2.5 Bath
1,782 – 1,846 sq.ft.
Corner units offering master-on-main living option
Double car garage




3-STOREY TOWNHOMES
3 Bedrooms | 2.5 Bath
1,565 – 1,602 sq. ft.
Covered deck off the kitchen and a second balcony off the master bedroom




BUNGALOW VILLAS
Master-on-Main Living
1 Bedroom + Flex | 2 Bath
1,410 SQ.FT. + 1,388 SQ. FT.
Double front attached garage

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

VESTA PROPERTIES

Renderings are artistic concept only and subject to change without notice.

**VESTAELEVATE.COM**

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
Hindu Punjabi khatri boy Jan 1985 born, height 5.7 living in Vancouver upper middle class family, B.Tech/MBA, now self employed in logistics, **Canadian citizen** looking for a beautiful educated girl within Canada. Tourist, work permit, PR or citizen. **Call:1 306 502 6789** ***250***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਲੜਕੇ,ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਹੋਟਲ ਮੈਨੇਜਮੈਂਟ ਦੀ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 5012 ***246***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 6 ਇੰਚ, ਲਈ ਨਸ਼ਾ ਰਹਿਤ, ਪੰਜਾਬ ਵਿੱਚ 15 ਤੋਂ 20 ਏਕੜ ਜ਼ਮੀਨ ਦੇ ਮਾਲਕ ,ਕਨੇਡਾ ਵਿੱਚ ਪੀ ਆਰ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 236 818 2368 ਜਾਂ ਵਟਸਐਪ 91 9464555475 ***246***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਉਮਰ 32 ਸਾਲ ,ਕੱਦ 5 ਫੁੱਟ 2 ਇੰਚ, ਐਡਮਿੰਟਨ ਨਿਵਾਸੀ ਤਲਾਕਸ਼ੁਦਾ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ,ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ,ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਵੀ ਮਨਜ਼ੂਰ। ਅਲਬਰਟਾ ਨੂੰ ਪਹਿਲ । ਕ੍ਰਿਪਾ ਕਰਕੇ ਇੰਡੀਆ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 419 6002 ***250***

### ਲੜਕੀ ਦੀ ਲੋੜ
ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 38 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਟਰੱਕ ਡਰਾਈਵਰ ਓਨਰ ਅਪਰੇਟਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 778 953 0024 ***250***

### ਲੜਕੇ ਦੀ ਲੋੜ
ਕਨੇਡਾ ਵਰਕ ਪਰਮਿਟ ਉੱਪਰ ਚੰਗੀ ਜੌਬ ਕਰ ਰਹੀ ਰਾਮਦਾਸੀਆ (ਮੁੰਗਰੀਆ) ਸਿੱਖ ਪਰਿਵਾਰ ਦੀ ਲੜਕੀ ਜਨਮ 1999, ਕੱਦ 5 ਫੁੱਟ 6 ਇੰਚ, ਬੀ ਟੈੱਕ -ਪੀ ਏ ਯੂ ਲੁਧਿਆਣਾ ਤੋਂ ਫੂਡ ਟੈੱਕਨੋਲੋਜੀ, ਪੀ ਜੀ ਡਿਪਲੋਮਾਂ -ਫੂਡ ਸੇਫਟੀ ਐਂਡ ਕੁਆਲਿਟੀ ਐਸੋਰੈਂਸ (ਟੌਰਾਂਟੋ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਵਿੱਚ ਲੜਕੀ ਦੇ ਪਿਤਾ ਸਦਰ ਕਾਨੂੰਗੋ ਅਤੇ ਮਾਤਾ ਦਾ ਬਿਜਨਿਸ ਇੰਡੇਨ ਗੈਸ ਏਜੰਸੀ ਹੈ। ਭਰਾ ਕਨੇਡੀਅਨ ਪੀ ਆਰ ਹੈ। ਲੜਕੀ ਇਸ ਵੇਲੇ ਚੰਗੀ ਨਾਮਵਰ ਕੰਪਨੀ ਵਿੱਚ ਕੁਆਲਿਟੀ ਚੈੱਕ ਆਫੀਸਰ ਦੀ (ਯੂਨੀਅਨ ਜੌਬ) ਕਰ ਰਹੀ ਹੈ। ਸੰਪਰਕ 403 899 8201 ***246***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ, ਮੈੜ ਰਾਜਪੂਤ ਪਰਿਵਾਰ ਦੀ ਤਲਾਕਸ਼ੁਦਾ (ਬਿਨਾਂ ਬੱਚੇ ਤੋਂ ) ਵਧੀਆ ਜੌਬ ਕਰਦੀ ਲੜਕੀ ਕੱਦ 5 ਫੁੱਟ 2 ਇੰਚ,ਉਮਰ 37 ਸਾਲ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ :1 825 454 1322 ਜਾਂ 403 464 1322 ***250***

### ਲੜਕੀ ਦੀ ਲੋੜ
ਅਮਰੀਕਨ ਸਿਟੀਜਨ,ਜੱਟ ਸਿੱਖ ਛੀਨਾ ਪਰਿਵਾਰ ਦੇ ਲੜਕੇ,ਉਮਰ 37 ਸਾਲ , ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ ਮਾਸਟਰ ਡਿਗਰੀ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਹੀ ਕਰਨ। ਸੰਪਰਕ: 1 510 377 1180 (ਵਟਸਐਪ) ਜਾਂ ਈ ਮੇਲ: kschhina87@gmail.com ***250***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ,ਉਮਰ 29 ਸਾਲ ਕੱਦ 5 ਫੁੱਟ 8 ਇੰਚ, ਐਮ ਏ ਇੰਗਲਿਸ਼ ,ਬੀ ਐੱਡ, ਲਈ ਪੜ੍ਹੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 951 1954 ਜਾਂ 1825 205 3609 ***250***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਰਾਜਪੂਤ ਚੌਹਾਨ ਪਰਿਵਾਰ ਦੇ ਲੜਕੇ ਜਨਮ 1997, ਕੱਦ 6 ਫੁੱਟ, , ਸਾਫਟ ਵੇਅਰ ਇੰਜੀਨੀਅਰ ਦੀ ਜੌਬ (ਪੈਕੇਜ 85,000 ਕਨੇਡੀਅਨ ਡਾਲਰ ਸਾਲਾਨਾ) ਕੈਲਗਰੀ ਵਿੱਚ ਤਿੰਨ ਘਰਾਂ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਲੜਕੀ ਕਨੇਡਾ ਵਿੱਚ ਕਿਸੇ ਵੀ ਸਟੇਟਸ ਉੱਪਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 9859 ਜਾਂ ਵਟਸਐਪ 91 977 951 1475 ***250***

### ਲੜਕੇ ਦੀ ਲੋੜ
ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ, ਜਨਮ 1997, ਕੱਦ 5 ਫੁੱਟ 6 ਇੰਚ ,ਕਸਟਮਰ ਸਰਵਿਸ ਲੀਡ ਏਅਰਪੋਰਟ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਹੈ। ਸੰਪਰਕ – 1 672 966 0734, ਜਾਂ 1 778 859 5322 ***249***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 34 ਸਾਲ ਕੱਦ 5 ਫੁੱਟ 3 ਇੰਚ ਵਿਦਿਅਕ ਯੋਗਤਾ ਬੀ ਐੱਸ ਸੀ ਨਰਸਿੰਗ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 437 3016 ***249***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਤਲਾਕਸ਼ੁਦਾ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 36 ਸਾਲ ਕੱਦ 5 ਫੁੱਟ 8 ਇੰਚ,ਹੈਲਥ ਕੇਅਰ ਦੀ ਜੌਬ ਕਰਦੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ, ਵਿਜ਼ਟਰ ਵੀਜੇ ਵਾਲੇ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 403 390 2326 ***249***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਜਨਮ 1991,ਕੱਦ 6 ਫੁੱਟ ,ਕੈਲਗਰੀ ਵਿਖੇ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਸਖਤ ਮਿਹਨਤੀ,ਚੰਗੀ ਪੜ੍ਹੀਲਿਖੀ,ਘਰੇਲੂ ਸੰਸਕਾਰਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਹਨ ,ਇੱਕ ਭੈਣ ਜੋ ਵਿਆਹੀ ਹੈ ਅਤੇ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਕਾਲ: **403 402 2596** WhatsApp +919914143839 or sandhukd58@gmail.com ***249***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ , M.sc. (Mathemaitcs) ,M.ed (ਕਨੇਡੀਅਨ ਯੂਨੀਵਰਸਿਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਵਾਂ, ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , +919056636305 ***249***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 30 ਸਾਲ,ਕੱਦ 6 ਫੁੱਟ 4 ਇੰਚ ,ਨਾਨ ਸਮੋਕਰ, ਨਾਨ ਡਰਿੰਕਰ, ਬ੍ਰਾਂਚ ਮੈਨੇਜਰ (ਟੀਮ ਡੀ ਬੈਂਕ) ਦੀ ਜੌਬ ਕਰਦੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਐਮ ਬੀ ਏ ਡਿਗਰੀ ਕਰ ਰਹੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***249***

### ਲੜਕੀ ਦੀ ਲੋੜ
ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or emial: garysb2020@gmial.com ***245***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਖੂਬਸੂਰਤ ਤਲਾਕਸ਼ੁਦਾ ਲੜਕੇ ਉਮਰ 37 ਸਾਲ,ਕੱਦ 5 ਫੁੱਟ 9 ਇੰਚ, ਵੈਨਕੋਵਰ ਵਿਖੇ ਆਪਣਾ ਕਾਰੋਬਾਰ ਕਰਦੇ ਲਈ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਿਰ ,ਤਲਾਕਸ਼ੁਦਾ ਬਾਰੇ ਵੀ ਵੀਚਾਰ ਕੀਤੀ ਜਾ ਸਕਦੀ ਹੈ। ਫੋਨ ਜਾਂ ਵਟਸਐਪ ਸੰਪਰਕ: 1 204 295 0178 ***245***

### ਲੜਕੀ ਦੀ ਲੋੜ
ਕਨੇਡਾ ਵਰਕ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

### ਲੜਕੀ ਦੀ ਲੋੜ
ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਸਿਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੌਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

### ਲੜਕੀ ਦੀ ਲੋੜ
ਕੈਨੇਡਾ ਵਰਕ ਪਰਮਿਟ ਉੱਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ:+918544819749 ਜਾਂ 403 425 2525 ***245***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

### ਲੜਕੀ ਦੀ ਲੋੜ
ਕਨੇਡਾ ਵਿੱਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸਿੱਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉੱਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)** ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

### ਜੀਵਨ ਸਾਥੀ ਦੀ ਲੋੜ
ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਾਕਸ਼ੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀ ਲਿਖੀ,**(Innocently Divorced)** ਵਾਸਤੇ ਪੜ੍ਹੇ ਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

### ਜੀਵਨ ਸਾਥੀ ਦੀ ਲੋੜ
ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

### ਲੜਕੇ ਦੀ ਲੋੜ
ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

### ਲੜਕੀ ਦੀ ਲੋੜ
ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੇ ਦੀ ਲੋੜ
Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

### ਅੰਗਹੀਣ ਲੜਕੀ ਦੀ ਲੋੜ
ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ
ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈਗ- 431 733 3000

## ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.




## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਵਰਕਰਾਂ ਦੀ ਲੋੜ

Green City is hiring lawn care worker with the following qualifications:

- Class 5 Driving license
- Good English communication skills
- Minimum age 24 required

ਕਾਲ: (403) 606-4160

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.
sikhsocietysknewland@gmail.com

# BBB and CAM suggest researching companies thoroughly and checking their credibility

Calgary (PAB)The prospect of moving to a new home can be thrilling, but the process itself is widely regarded as one of life's most stressful events. With so many details to coordinate, it's easy to feel overwhelmed. However, with some advance planning and guidance from trustworthy sources, your move doesn't have to be mayhem. Better Business Bureau (BBB) and the Canadian Association of Movers (CAM) have teamed up to help make consumers' transitions as smooth as possible. Their top tip? Do your research to ensure you are working with a trusted business.

The Better Business Bureau (BBB) serving Southern Alberta and East Kootenay is reminding the public to ensure they do their research and that they find someone trustworthy and qualified for their moving (and storage) needs. BBB president Mary O'Sullivan-Andersen explains: "When researching on-line, the moving industry sees a higher number of fake reviews than other industries. By starting your research early, and working with an established company, you reduce the risk of scrambling last-minute and falling prey to scammers or inexperienced movers."

CAM president Nancy Irvine agrees, noting, "Don't just go for the lowest bid. Do your homework to find a mover you can trust with your belongings." Unfortunately, some dishonest movers exploit consumers through tactics like drastically inflating costs mid-move or failing to deliver goods unless paid exorbitant fees. Many victims connect with such scammers through online classified ads. Consumers can better prepare themselves for moving season by ensuring a well-laid out moving plan, and being realistic with the planning.




# ਮੁਟਿਆਰੇ ਜਾਣਾ ਦੂਰ ਪਿਆ

ਐਧਰ ਕਣਕਾਂ ਓਧਰ ਕਣਕਾਂ
ਵਿੱਚ ਕਣਕਾਂ ਦੇ ਬੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

ਇਹ ਗੱਲ ਬਹੁਤ ਗਿਣਵੇ-ਚੁਣਵੇਂ ਗੀਤਕਾਰਾਂ ਦੇ ਹਿੱਸੇ ਆਈ ਹੈ ਕਿ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਵਿਚਰਦਿਆਂ ਆਮ ਜਿਹੀਆਂ ਦਿਸਦੀਆਂ ਚੀਜ਼ਾਂ ਤੇ ਸਾਦੇ ਜਿਹੇ ਦ੍ਰਿਸ਼ਾਂ ਨੂੰ ਆਪਣੀ ਕਲਾ ਦੇ ਰੰਗ ਵਿੱਚ ਰੰਗਦਿਆਂ ਇੱਕ ਨਵਾਂ ਖੇੜਾ ਅਤੇ ਇੱਕ ਖ਼ਾਸ ਜਲੌਅ ਬਖ਼ਸ਼ ਦਿੱਤਾ।

'ਐਧਰ ਕਣਕਾਂ, ਓਧਰ ਕਣਕਾਂ' ਇਹ ਮਾਤਰ ਦ੍ਰਿਸ਼ ਹੀ ਕਿੰਨਾ ਭਰਵਾਂ ਅਤੇ ਸਕੂਨ-ਮਈ ਹੈ। ਅੱਗੇ ਵੇਖੋ:


ਆਲਿਆਂ 'ਚ ਗੁੱਡੀਆਂ ਪਟੋਲੇ ਨੇ ਉਡੀਕਦੇ
ਰਾਂਗਲੇ ਪੰਘੂੜੇ ਤੇਰੀ ਯਾਦ ਵਿੱਚ ਚੀਕਦੇ
ਤੇਰਿਆਂ ਤੇ ਹੱਥਾਂ ਵਿੱਚ ਮੌਲੀਆਂ ਕਲੀਚੜੇ
ਮਾਂਗ ਵਿੱਚ ਝੁਲਦਾ ਸੰਧੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

ਤੇਰੇ ਬਿਨਾਂ ਖੂਹਾਂ ਦੀਆਂ ਟਿੰਡਾਂ ਨੇ ਪਿਆਸੀਆਂ
ਤੇਰੇ ਬਾਝ ਪੱਤਣਾਂ ਤੇ ਛਾਈਆਂ ਨੇ ਉਦਾਸੀਆਂ
ਢਾਕਾਂ ਉੱਤੇ ਘੜਿਆਂ ਨੂੰ ਰੱਖ ਕੇ ਉਡੀਕਦਾ ਏ
ਸਖੀਆਂ ਸਹੇਲੀਆਂ ਦਾ ਪੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

ਖੁਲ੍ਹ-ਖੁਲ੍ਹ ਜਾਣੀਆਂ ਨੇ ਖਿੱਦੋ ਦੀਆਂ ਬੱਚੀਆਂ
ਹਾਨਣਾਂ ਸਹੇਲੀਆਂ ਜੋ ਗਿੱਧੇ ਵਿੱਚ ਨੱਚੀਆਂ
ਸੌਹਰਿਆਂ ਦੇ ਨਿੱਤ-ਨਿੱਤ ਪੱਕਣੇ ਪਰੌਂਠੇ
ਪੇਕਿਆਂ ਦਾ ਸੱਖਣਾ ਤੰਦੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

ਲੁਕ-ਲੁਕ ਵੇਖਦੀ ਏ ਅੱਜ ਤੇਰੀ ਮਾਂ ਨੀ
ਦੋ ਦਿਨ ਮਾਣ ਜਾਂਦੀਓਂ ਇਹ ਛਾਂ ਨੀ
ਪਰ ਤੈਨੂੰ ਖਿੱਚ-ਖਿੱਚ ਅੱਜ ਤੇ ਹੈ ਲਈ ਜਾਂਦਾ
ਤੇਰੀ ਹੀ ਜਵਾਨੀ ਦਾ ਕਸੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

ਬਾਰੀ ਵਿੱਚ ਵੀਰਾਂ ਦੀਆਂ ਵਹੁਟੀਆਂ ਖਲੋਤੀਆਂ



ਇੰਦਰਜੀਤ ਤੁਲਸੀ

ਹੰਝੂਆਂ ਦੇ ਨਾਲ ਜਿਨ੍ਹਾਂ ਚੁੰਨੀਆਂ ਨੇ ਧੋਤੀਆਂ
ਇਹਨਾਂ ਨੇ ਵੀ ਤੇਰੇ ਵਾਂਗੂ ਛੱਡ ਤੇ ਨੇ ਪੇਕੜੇ
ਮੁੱਢ ਤੋਂ ਹੀ ਇਹ ਦਸਤੂਰ ਪਿਆ
ਮੁਟਿਆਰੇ ਜਾਣਾ ਦੂਰ ਪਿਆ

1964 ਵਿੱਚ ਰਿਕਾਰਡ ਹੋਏ ਇਸ ਗੀਤ ਨੂੰ ਹਰ ਪੇਂਡੂ, ਹਰ ਸ਼ਹਿਰੀ, ਹਰ ਗੱਭਰੂ ਤੇ ਹਰ ਮੁਟਿਆਰ ਨੇ ਰੱਜ ਕੇ ਸੁਣਿਆ ਹੈ। ਇਸ ਗੀਤ ਦੀਆਂ ਮੂਹਰਲੀਆਂ ਸਤਰਾਂ **'ਐਧਰ ਕਣਕਾਂ ਓਧਰ ਕਣਕਾਂ'**, ਵਿੱਚ ਕਣਕਾਂ ਦੇ ਬੂਰ ਪਿਆ ਮੁਟਿਆਰੇ ਜਾਣਾ ਦੂਰ ਪਿਆ' ਅੱਧੀ ਸਦੀ ਤੋਂ ਬਾਅਦ ਅੱਜ ਵੀ ਪੰਜਾਬ ਦੀ ਫਿਜ਼ਾ ਵਿੱਚ ਸੁਗੰਧ ਬਣ ਕੇ ਘੁਲ਼ੀਆਂ ਹੋਈਆਂ ਹਨ ਤੇ ਸਭ ਨੂੰ ਪਤਾ ਹੈ ਕਿ ਇਹ ਗੀਤ ਆਸਾ ਸਿੰਘ 'ਮਸਤਾਨਾ' ਦਾ ਗਾਇਆ ਹੋਇਆ ਹੈ। ਪਰ ਬਹੁਤੇ ਸ੍ਰੋਤੇ ਇਸਨੂੰ ਲੋਕ-ਗੀਤ ਹੀ ਸਮਝਦੇ ਹਨ। ਉਸਦਾ ਕਾਰਨ ਇਹ ਐ ਕਿ ਇਕ ਤਾਂ ਗੀਤ ਦਾ ਮੁਹਾਂਦਰਾ ਵੀ ਪੂਰਾ ਲੋਕ ਗੀਤਾਂ ਵਾਲਾ ਹੀ ਹੈ, ਦੂਸਰਾ ਕਿਸੇ ਰਿਕਾਰਡ, ਕੈਸਿਟ, ਸੀ.ਡੀ ਜਾਂ ਯੂ ਟਿਊਬ 'ਤੇ ਗੀਤਕਾਰ ਦਾ ਨਾਮ ਦਰਜ ਨਹੀਂ। ਬਲਕਿ ਉੱਥੇ ਵੀ ਲੋਕ-ਗੀਤ ਹੀ ਲਿਖਿਆ ਹੋਇਐ।

ਇਹ ਗੀਤ ਕੋਲੰਬੀਆ ਕੰਪਨੀ ਨੇ ਰਿਕਾਰਡ ਨੰਬਰ- **GE-39516, 1964** ਵਿੱਚ ਰੀਲੀਜ਼ ਕੀਤਾ ਸੀ। ਇਹ ਪੱਥਰ ਦਾ ਤਵਾ ਹੈ। 1967 ਵਿੱਚ ਇਸ ਗੀਤ ਨੂੰ ਕੰਪਨੀ ਨੇ ਵੱਡੇ ਰਿਕਾਰਡ 'ਤੇ ਤਬਦੀਲ ਕਰ ਦਿੱਤਾ ਤੇ ਗਿਆਰਾਂ ਗੀਤ ਹੋਰ ਪਾ ਕੇ ਟਾਈਟਲ ਰੱਖ ਦਿੱਤਾ 'ਫੋਕ ਮਿਊਜ਼ਿਕ ਆਫ ਪੰਜਾਬ' ਜਿਸਦਾ ਲੜੀ ਨੰਬਰ **ECLP-2331**, 1967 ਹੈ। ਜਿਸ 'ਤੇ ਗੀਤਕਾਰਾਂ ਦੇ ਨਾਮ ਲਿਖੇ ਹੀ ਨਹੀਂ ਗਏ। ਇਸ ਤੋਂ ਬਾਅਦ ਕੈਸਿਟ, ਸੀ.ਡੀ. ਤੇ ਵੀ ਗੀਤਕਾਰ ਮਨਫ਼ੀ ਹੀ ਹੁੰਦੇ ਗਏ। ਬਿਲਕੁਲ ਇਸੇ ਤਰ੍ਹਾਂ ਹੀ:

ਟਾਂਡੇ ਚੂਪਣੇ ਚਰ੍ਹੀ ਦੇ ਹਾਣੀਆਂ
ਵੇ ਘਰ 'ਚ ਸੰਧੂਰੀ ਅੰਬੀਆਂ
ਆਜਾ ਝੁੱਕ ਝੁੱਕ ਪੈਂਦੀਆਂ ਨੇ ਟਾਹਣੀਆਂ
ਵੇ ਘਰ 'ਚ ਸੰਧੂਰੀ ਅੰਬੀਆਂ

ਤਵਿਓਂ ਕਾਲੇ ਰੰਗ ਜਿਨ੍ਹਾਂ ਦੇ
ਹਥਣੀਆਂ ਵਰਗੇ ਅੰਗ ਜਿਨ੍ਹਾਂ ਦੇ
ਉਹ ਤੇ ਬਣ ਬਣ ਬਹਿੰਦੀਆਂ ਨੇ ਰਾਣੀਆਂ
ਵੇ ਘਰ 'ਚ ਸੰਧੂਰੀ ਅੰਬੀਆਂ..

ਇਹ ਗੀਤ ਪ੍ਰਕਾਸ਼ ਕੌਰ ਦੀ ਆਵਾਜ਼ ਵਿੱਚ ਐੱਚ.ਐਮ.ਵੀ. ਕੰਪਨੀ ਵੱਲੋਂ ਰਿਕਾਰਡ ਨੰਬਰ- N-94146 'ਚ ਰਿਕਾਰਡ ਹੋਇਆ ਸੀ। ਆਪਾਂ ਗੱਲ ਕਰਦੇ ਹਾਂ ਇਨ੍ਹਾਂ ਗੀਤਾਂ ਦੇ ਗੀਤਕਾਰ ਇੰਦਰਜੀਤ ਸਿੰਘ 'ਤੁਲਸੀ' ਦੀ। ਜਿਸਦੀ ਕਲਮ 'ਚੋਂ ਨਿਕਲੇ ਅਜਿਹੇ ਅਨੇਕਾਂ ਹੀ ਗੀਤ ਲੋਕ-ਗੀਤਾਂ ਜਿਹਾ ਰੁਤਬਾ ਹਾਸਿਲ ਕਰ ਚੁੱਕੇ ਹਨ। ਇੰਦਰਜੀਤ ਦਾ ਜਨਮ ਅਣਵੰਡੇ ਪੰਜਾਬ 'ਚ ਹਜ਼ਾਰਾਂ ਵਰ੍ਹਿਆਂ ਤੋਂ ਪੰਜਾਬੀ ਸੱਭਿਆਚਾਰ ਦੀ ਰਾਜਧਾਨੀ ਕਹੇ ਜਾਂਦੇ ਜ਼ਿਲ੍ਹਾ 'ਲਾਹੌਰ' ਦੇ ਲਾਗੇ ਪਿੰਡ, ਕਾਨ੍ਹਾ ਕਾਛਾ ਵਿੱਚ ਫ਼ਾਰਸੀ ਦੇ ਕਵੀ ਪਿਤਾ ਸ੍ਰ. ਮੂਲ ਸਿੰਘ ਤੁਲਸੀ ਦੇ ਘਰ ਮਾਤਾ ਸ਼੍ਰੀ ਮਤੀ ਬਸੰਤ ਕੌਰ ਜੀ ਦੀ ਕੁੱਖੋਂ 2 ਅਪ੍ਰੈਲ 1926 ਨੂੰ ਹੋਇਆ। ਉਨ੍ਹਾਂ ਦੇ ਪਿਤਾ ਫ਼ਾਰਸੀ ਦੇ ਕਵੀ ਸਨ। ਇੰਦਰਜੀਤ ਹਾਲੇ ਦੋ ਕੁ ਵਰ੍ਹਿਆਂ ਦਾ ਹੀ ਸੀ ਕਿ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਮਾਤਾ ਬਸੰਤ ਕੌਰ ਨੇ ਹੀ ਇੰਦਰਜੀਤ ਦਾ ਪਾਲਣ ਪੋਸ਼ਣ ਕੀਤਾ, ਪੜ੍ਹਾਇਆ ਲਿਖਾਇਆ ਤੇ ਜਵਾਨ ਕੀਤਾ।

ਦੇਸ਼ ਦੀ ਵੰਡ ਤੋਂ ਬਾਅਦ ਪਰਿਵਾਰ ਇੱਧਰ ਆ ਕੇ ਫਿਰੋਜ਼ਪੁਰ ਟਿਕ ਗਿਆ ਤੇ ਇੰਦਰਜੀਤ ਨੂੰ ਰੇਲਵੇ 'ਚ ਨੌਕਰੀ ਮਿਲ ਗਈ। ਕਵਿਤਾ ਝਰੀਟਣ ਦੀ ਚੇਟਕ ਤਾਂ ਉਸਨੂੰ ਸਕੂਲ ਸਮੇਂ ਤੋਂ ਹੀ ਲੱਗ ਗਈ ਸੀ। ਰੇਲਵੇ ਦੀ ਨੌਕਰੀ ਦੌਰਾਨ, ਇਕ ਸਮਾਗਮ 'ਤੇ ਰੇਲ ਮੰਤਰੀ ਦੀ ਮੌਜੂਦਗੀ ਵਿੱਚ ਇੰਦਰਜੀਤ ਨੇ ਇਕ ਕਵਿਤਾ ਬੋਲੀ ਇਸ ਕਵਿਤਾ ਤੋਂ ਖੁਸ਼ ਹੋ ਕੇ ਰੇਲ ਮੰਤਰੀ ਨੇ ਇੰਦਰਜੀਤ ਨੂੰ ਵਿਭਾਗੀ ਤਰੱਕੀ ਦੇ ਦਿੱਤੀ। ਇੰਦਰਜੀਤ ਤਰੰਨਮ ਵਿਚ ਕਵਿਤਾ ਬੋਲਦਾ ਸੀ ਤੇ ਸਟੇਜ ਲੁੱਟ ਲੈਂਦਾ ਸੀ। ਉਹ ਮੁਸ਼ਾਇਰਿਆਂ 'ਚ ਮੁਸ਼ਾਇਰੇ ਦੀ ਜਿੰਦ ਜਾਨ ਹੁੰਦਾ। ਉਸਦੀ ਕਵਿਤਾ 'ਤੇਨ ਸਿੰਘ ਦੀ ਵਾਰ' ਦੇਸ਼ ਭਰ ਵਿੱਚ ਐਨੀ ਗੂੰਜੀ ਕਿ ਇਸਨੇ ਸਰਕਾਰੀ ਖੇਤਰ ਵਿੱਚ ਤਰਥੱਲੀ ਮਚਾ ਦਿੱਤੀ। ਇੰਦਰਜੀਤ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਨਜ਼ਰੀਂ ਚੜ੍ਹ ਗਿਆ। 1961 ਵਿੱਚ ਉਸਨੂੰ ਰਾਜ ਕਵੀ ਦੇ ਖਿਤਾਬ ਨਾਲ ਨਿਵਾਜਿਆ ਗਿਆ। ਉਸਦੀ ਡਿਊਟੀ ਵੀ ਦਿੱਲੀ ਲੱਗ ਗਈ। ਇਸਦੇ ਨਾਲ ਉਸਦਾ ਸਮਕਾਲੀ ਕਵੀਆਂ ਵਿੱਚ ਵਿਰੋਧ ਵੀ ਹੋਇਆ। ਕੁੱਝ ਸਮਕਾਲੀ ਕਵੀ ਉਸਨੂੰ ਸਰਕਾਰੀ ਕਵੀ ਵੀ ਕਹਿਣ ਲੱਗ ਪਏ।

ਦਿੱਲੀ 'ਚੋਂ ਰੇਲਵੇ ਦੀ ਨੌਕਰੀ ਛੱਡ ਕੇ ਇੰਦਰਜੀਤ ਸਿੰਘ ਤੁਲਸੀ, ਫਿਲਮੀ ਨਗਰੀ ਬੰਬਈ ਚਲੇ ਗਏ, ਜਿੱਥੇ ਉਨ੍ਹਾਂ ਨੇ ਅਨੇਕਾਂ ਹੀ ਫਿਲਮਾਂ ਲਈ ਹਿੱਟ ਗੀਤ ਲਿਖੇ। ਪਰ ਇਸਦੇ ਨਾਲ ਹੀ ਉਹ ਲੋਕ ਪੱਖੀ ਕਵਿਤਾ ਤੋਂ ਥੋੜ੍ਹਾ ਜਿਹਾ ਦੂਰ ਹੋ ਗਏ। 1966 ਵਿੱਚ ਉਨ੍ਹਾਂ ਨੂੰ ਪਦਮ ਸ੍ਰੀ ਖਿਤਾਬ ਨਾਲ ਨਿਵਾਜਿਆ ਗਿਆ। ਬੰਬਈ ਆ ਕੇ ਉਨ੍ਹਾਂ ਨੇ ਹਿੰਦੀ ਫਿਲਮਾਂ ਲਈ ਕਮਾਲ ਦੇ ਗੀਤ ਲਿਖੇ ਪਰ ਉਹਨਾਂ ਗੀਤਾਂ ਦੀ ਬਣਤਰ ਪੰਜਾਬੀ ਹੀ ਰਹੀ। ਜਿਵੇਂ ਬਹੁਤ ਹਿੱਟ ਹੋਈ ਫਿਲਮ 'ਬੌਬੀ' ਵਿੱਚ ਤੁਲਸੀ ਜੀ ਦਾ ਲਿਖਿਆ ਤੇ ਨਰਿੰਦਰ ਚੰਚਲ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ:

ਜਿਸ ਪਲੜੇ ਮੇਂ ਤੁਲੇ ਮੁਹੱਬਤ
ਉਸ ਮੇਂ ਚਾਂਦੀ ਨਹੀਂ ਤੋਲਨਾ
ਤੌਬਾ ਮੇਰੀ, ਨਾ ਢੋਲਨਾ
ਮੈਂ ਨਹੀਂ ਬੋਲਨਾ

ਇਸੇ ਤਰ੍ਹਾਂ ਤੁਲਸੀ ਜੀ ਨੇ ਸੁਪਰ ਡੁਪਰ ਹਿੱਟ ਫਿਲਮ 'ਚੋਰ ਮਚਾਏ ਸ਼ੋਰ' ਦੇ ਗੀਤ ਲਿਖੇ ਸਨ-

ਏਕ ਡਾਲ ਪਰ ਤੋਤਾ ਬੋਲੇ
ਏਕ ਡਾਲ ਪਰ ਮੈਨਾ
ਦੂਰ ਦੂਰ ਬੈਠੇਂ ਹੈਂ ਲੇਕਿਨ
ਪਿਆਰ ਤੋ ਫਿਰ ਭੀ ਹੈਨਾ
ਬੋਲੋ ਹੈ ਨਾ..

ਅਤੇ ਇਸੇ ਫਿਲਮ ਦਾ ਹੀ ਗੀਤ ਜੋ ਹਰ ਵਿਆਹ ਸ਼ਾਦੀ 'ਤੇ ਵੱਜਿਆ:

ਲੇ ਜਾਏਂਗੇ, ਲੇ ਜਾਏਂਗੇ
ਦਿਲ ਵਾਲੇ, ਦੁਲਹਨੀਆਂ ਲੇ ਜਾਏਂਗੇ
ਅਜੀ ਰਹਿ ਜਾਏਂਗੇ, ਰਹਿ ਜਾਏਂਗੇ
ਪੈਸੇ ਵਾਲੇ ਦੇਖਤੇ ਰਹਿ ਜਾਏਂਗੇ

1972 ਵਿੱਚ ਮਨੋਜ ਕੁਮਾਰ ਦੀ ਬਹੁਤ ਖਾਸ ਫਿਲਮ 'ਸ਼ੋਰ' ਵਿੱਚ ਤੁਲਸੀ ਜੀ ਦੇ ਗੀਤ:

ਜੀਵਨ ਚਲਨੇ ਕਾ ਨਾਮ
ਚਲਤੇ ਰਹੋ ਸੁਬਹਾ ਸ਼ਾਮ
ਕਿ ਰਸਤਾ ਕੱਟ ਜਾਏਗਾ ਮਿੱਤਰਾ
ਕਿ ਬਾਦਲ ਛਟ ਜਾਏਗਾ ਮਿੱਤਰਾ
ਕਿ ਦੁੱਖ ਸੇ ਝੁਕਨਾ ਨਾ ਮਿੱਤਰਾ
ਕਿ ਇਕ ਪਲ ਰੁਕਨਾ ਨਾ ਮਿਤਰਾ
ਜੀਵਨ ਚਲਨੇ ਕਾ ਨਾਮ

ਅਤੇ

ਪਾਨੀ ਰੇ ਪਾਨੀ, ਤੇਰਾ ਰੰਗ ਕੈਸਾ
ਜਿਸ ਮੇਂ ਮਿਲਾਦੋ, ਲਗੇ ਉਸ ਜੈਸਾ
ਪਾਨੀ ਰੇ ਪਾਨੀ, ਤੇਰਾ ਰੰਗ ਕੈਸਾ

ਇਹਨਾਂ ਗੀਤਾਂ ਨੇ ਤਾਂ ਤਹਿਲਕਾ ਹੀ ਮਚਾ ਦਿੱਤਾ। ਬੇਸ਼ਕ ਤੁਲਸੀ ਜੀ ਦੇ ਫਿਲਮੀ ਗੀਤ ਵੀ ਪੰਜਾਬੀ ਰੰਗ ਵਿੱਚ ਹੀ ਰੰਗੇ ਹੋਏ ਹਨ ਪਰ ਹਿੰਦੀ ਦੇ ਨਾਲ ਨਾਲ ਉਹਨਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਦੀਆਂ ਫਿਲਮਾਂ ਲਈ ਵੀ ਬਰਾਬਰ ਕੰਮ ਕੀਤਾ ਜਿਹਨਾਂ 'ਚ:

- ਸੰਤੋ - ਬੰਤੋ
- ਯਾਰ ਗਰੀਬਾਂ ਦਾ
- ਲਾਡਲੀ

ਫਿਲਮ 'ਲਾਡਲੀ' ਵਿੱਚ ਤੁਲਸੀ ਜੀ ਦਾ ਲਿਖਿਆ ਤੇ ਮੁਹੰਮਦ ਰਫ਼ੀ ਸਾਹਿਬ ਦਾ ਗਾਇਆ ਸਦਾ ਬਹਾਰ ਗੀਤ ਹੈ:

ਸਾਨੂੰ ਬੁੱਕ ਨਾਲ ਪਾਣੀ ਹੀ ਪਿਲਾ ਦੇ ਘੁੱਟ ਨੀ
ਤੇਰਾ ਜੂਠਾ ਕਾਹਨੂੰ ਕਰੀਏ ਗਿਲਾਸ ਗੋਰੀਏ
ਬੜੇ ਜ਼ੋਰਾਂ ਨਾਲ ਲੱਗੀ ਏ ਪਿਆਸ ਗੋਰੀਏ

1961 ਵਿੱਚ ਤੁਲਸੀ ਜੀ ਦੀ ਪਹਿਲੀ ਕਿਤਾਬ 'ਸੁਰ ਸ਼ਿੰਗਾਰ' (ਗੀਤ ਸੰਗ੍ਰਹਿ) ਛਪਿਆ। 1966 ਵਿੱਚ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਅਤੇ 1970 ਵਿੱਚ 'ਪਰਮ ਮਨੁੱਖ ਸ਼੍ਰੀ ਗੁਰੂ ਨਾਨਕ ਦੇਵ ਜੀ' ਛਪੀਆਂ।

11 ਮਈ 1984 ਵਾਲੇ ਦਿਨ ਮੁੰਬਈ ਵਿੱਚ ਪੁਲਾੜ ਯਾਤਰੀ 'ਰਾਕੇਸ਼ ਸ਼ਰਮਾਂ' ਜੀ ਦੇ ਸੁਆਗਤੀ ਸਮਾਰੋਹ ਵਿੱਚ 'ਤੁਲਸੀ' ਜੀ ਆਪਣੀ ਨਜ਼ਮ ਪੜ੍ਹਦੇ-ਪੜ੍ਹਦੇ ਸਟੇਜ਼ 'ਤੇ ਹੀ ਡਿੱਗ ਪਏ। ਇਸ ਤਰ੍ਹਾਂ ਪੰਜਾਬ ਦਾ ਇਕ ਬਹੁਤ ਵੱਡਾ ਗੀਤਕਾਰ, ਕਵੀ ਸਾਥੋਂ ਸਦਾ ਲਈ ਵਿਛੜ ਗਿਆ।

---

**facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ**

# ਪ੍ਰਾਹੁਣੇ ਰੁੱਸਦੇ ਤਾਂ ਬਹੁਤ ਸੁਣੇ ਨੇ ਪਰ ਸਾਲਿਆਂ ਤੋਂ ਕਸੂਰ ਪੁੱਛਦੇ ਬਹੁਤ ਘੱਟ ਦੇਖੇ ਨੇ ਜਥੇਦਾਰ ਜੀ ! ਇੰਜ ਨਹੀਂ ਕਰੀਂਦੇ





ਜਥੇਦਾਰ ਸੁਖਬੀਰ ਸਿੰਘ ਬਾਦਲ ਨੇ ਆਪਣੇ ਜਵਾਈ-ਭਾਈ ਤੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਅੱਧੀ ਨਹੀਂ, ਸਾਰੀ ਹੀ ਛੁੱਟੀ ਕਰ ਦਿੱਤੀ ਹੈ। ਪਤਾ ਨਹੀਓਂ ਕਿਸ ਨੇ ਜਥੇਦਾਰ ਸੁਖਬੀਰ ਨੂੰ ਪੱਟੀ ਪੜ੍ਹਾਈ, ਹੱਥੋਂ ਹੱਥ ਆਦੇਸ਼ ਕਰ ਦਿੱਤੇ, ਪਲਾਂ 'ਚ ਕੈਰੋਂ ਸਾਬ੍ਹ ਦਾ 'ਪ੍ਰਤਾਪ' ਹਵਾ-ਹਵਾਈ ਹੋ ਗਿਆ। ਜਿਵੇਂ ਕਿਸੇ ਵੇਲੇ ਪੱਟੀ ਆਲੇ ਵੈਦ ਮਸ਼ਹੂਰ ਸਨ, ਉਵੇਂ ਹੀ ਪੱਟੀ ਆਲੇ ਕੈਰੋਂ ਦੀ ਵੀ ਸਿਆਸਤ 'ਚ ਤੂਤੀ ਬੋਲਦੀ ਰਹੀ ਹੈ। ਇਸ ਘਟਨਾ ਤੋਂ ਓਹ ਭਲੇ ਵੇਲੇ ਯਾਦ ਆ ਗਏ ਜਦੋਂ ਇੱਕ ਘਰ ਦੀ ਧੀ ਨੂੰ ਸਮੁੱਚੇ ਪਿੰਡ ਦੀ ਧੀ ਅਤੇ ਜੁਆਈ ਨੂੰ ਪੂਰਾ ਪਿੰਡ ਆਪਣਾ ਜੁਆਈ ਸਮਝਦਾ ਹੁੰਦਾ ਸੀ।

ਅਸਾਂ ਦਾ ਪਿੰਡ ਮੰਡੀ ਕਲਾਂ, ਡਾਕਖ਼ਾਨਾ ਖ਼ਾਸ ਜ਼ਿਲਾ ਬਠਿੰਡਾ ਹੈ। ਪਿੰਡ ਦਾ ਨਾਮਕਰਨ ਹੋਇਆ ਪ੍ਰਸਿੱਧ ਸੇਠ ਗੁਲਾਬੂ ਮੱਲ ਤੋਂ। ਪਹਿਲਾਂ 'ਗੁਲਾਬੂ ਕੀ ਮੰਡੀ' ਆਖਿਆ ਜਾਂਦਾ ਸੀ ਤੇ ਹੁਣ ਮੰਡੀ ਕਲਾਂ। ਸੇਠ ਗੁਲਾਬੂ ਮੱਲ ਦੀ ਪੂਰੇ ਖਿੱਤੇ 'ਚ ਧੱਕ ਪੈਂਦੀ ਸੀ। ਆਵਾਜਾਈ ਦੇ ਬਹੁਤੇ ਸਾਧਨ ਨਹੀਂ ਸੀ। ਸੇਠ ਗੁਲਾਬੂ ਮੱਲ ਆਪਣੀ ਘੋੜੀ 'ਤੇ ਸਵਾਰ ਹੋ ਸ਼ਹਿਰੋਂ ਪਿੰਡ ਆ ਰਿਹਾ ਸੀ। ਸੇਠ ਨੇ ਪਿੰਡ ਵੱਲ ਜਾਂਦੇ ਇੱਕ ਜੁਆਨ ਨੂੰ ਦੇਖ ਪੁੱਛਿਆ, ਜਵਾਨਾਂ ਕਿਧਰ ਦੀ ਤਿਆਰੀ ਖਿੱਚੀ ! ਅੱਗਿਓਂ ਜਵਾਨ ਨੇ ਕਿਹਾ ਕਿ 'ਮੈਂ ਤਾਂ ਆਪਣੇ ਸਹੁਰੇ ਪਿੰਡ ਚੱਲਿਆ।'

ਗੁਲਾਬੂ ਮੱਲ ਘੋੜੀ ਤੋਂ ਉਤਰਿਆ, ਜਵਾਨ ਦੇ ਹਵਾਲੇ ਘੋੜੀ ਕਰ ਕੇ ਆਖਣ ਲੱਗਾ, 'ਤੂੰ ਅਸਾਡੇ ਪਿੰਡ ਦਾ ਜੁਆਈ-ਭਾਈ ਐਂ, ਤੂੰ ਪੈਦਲ ਜਾਵੇ ਤੇ ਮੈਂ ਘੋੜੀ 'ਤੇ ,ਇਹ ਨਹੀਂ ਹੋ ਸਕਦਾ।' ਜੁਆਈ ਅੱਗੇ ਅੱਗੇ ਘੋੜੀ 'ਤੇ ਬੈਠਾ ਜਾ ਰਿਹਾ ਸੀ ਅਤੇ ਦਾਨਾ ਸੇਠ ਪਿੱਛੇ ਪਿੱਛੇ ਪੈਦਲ ਜਾ ਰਿਹਾ ਸੀ। ਕੈਰੋਂ ਸਾਬ੍ਹ ! ਤੁਸੀਂ ਦਿਲ ਹੌਲਾ ਨਹੀਂ ਕਰਨਾ। ਪਿੰਡ ਬਾਦਲ ਨੇ ਕਿਤੇ ਸੋਚਿਆ ਹੋਵੇਗਾ ਕਿ ਉਨ੍ਹਾਂ ਦੇ ਜੁਆਈ-ਭਾਈ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪੇਂਡੂ ਵਿਰਸਾ ਕਿੰਨਾ ਹੋ ਗਿਆ ਹੈ, ਇਸ ਦਾ ਕੈਰੋਂ ਦੀ ਰੁਖ਼ਸਤ ਤੋਂ ਪਤਾ ਲੱਗਿਆ ਹੈ। ਜ਼ਰੂਰੀ ਨਹੀਂ ਹਰ ਲੜਾਈ ਪਾਣੀਪਤ 'ਚ ਹੀ ਹੋਵੇ, ਪਿੰਡ ਬਾਦਲ ਵਿਚ ਵੀ ਤਾਂ ਹੋ ਸਕਦੀ ਹੈ।

ਸੁਖਬੀਰ ਬਾਦਲ ਦੀ ਪਾਰਟੀ ਦਾ ਅਨੁਸ਼ਾਸਨ ਸਿੰਘ ਕੁਝ ਵੀ ਪਿਆ ਆਖੇ ਪਰ ਜਥੇਦਾਰ ਜੀ ਪੰਜਾਬੀਅਤ ਦੇ ਨੇਮਾਂ ਅਨੁਸਾਰ ਆਪਣੇ ਭਣੋਈਏ ਨੂੰ ਪਾਰਟੀ 'ਚੋਂ ਕੱਢ ਨਹੀਂ ਸਕਦੇ ਹੋ। ਪੰਜਾਬ ਦੀ ਅਮੀਰ ਪਰੰਪਰਾ 'ਚ ਕਿਤੇ ਕੋਈ ਅਜਿਹੀ ਗ਼ਰੀਬੀ ਦਾ ਪੰਨਾ ਨਹੀਂ ਦਿੱਖਿਆ ਕਿ ਕਿਸੇ ਨੇ ਭਣੋਈਏ 'ਤੇ ਕੋਈ ਵਾਧਾ ਕੀਤਾ ਹੋਵੇ। ਪੇਂਡੂ ਪ੍ਰਾਹੁਣਚਾਰੀ 'ਚ ਤਾਂ ਪ੍ਰਾਹੁਣੇ ਆਏ ਤੋਂ ਮੰਜੇ 'ਤੇ ਨਵੀਂ ਦਰੀ ਤੇ ਚਾਦਰ ਵਿਛਾਈ ਜਾਂਦੀ ਹੈ, ਕਿਤੇ ਕਿਸੇ ਨੂੰ ਪ੍ਰਾਹੁਣੇ ਆਲੇ ਮੰਜੇ 'ਤੇ ਬੈਠਣਾ ਵੀ ਪੈ ਜਾਵੇ ਤਾਂ ਪੈਂਦ ਆਲੇ ਪਾਸਿਓਂ ਦਰੀ-ਚਾਦਰ ਚੁੱਕ ਕੇ ਬੈਠਦਾ ਸੀ।

ਜਥੇਦਾਰ ਬਾਦਲ ਨੇ ਤਾਂ ਦਰੀ-ਚਾਦਰ ਨੂੰ ਸੰਦੂਕ 'ਚ ਹੀ ਸੰਭਾਲ ਦਿੱਤਾ। ਪੁਰਾਣੇ ਸਮਿਆਂ 'ਚ ਜਦੋਂ ਕਿਤੇ ਅਜਿਹਾ ਮਾਮਲਾ ਆਉਂਦਾ ਤਾਂ ਜਵਾਈ ਕੁੜੀ ਨੂੰ ਵਾਪਸ ਪੇਕੇ ਭੇਜ ਕੇ ਆਖ ਦਿੰਦਾ ਸੀ ਕਿ ਸਾਂਭੋ ਆਪਣੀ ਕੁੜੀ। ਸੁਰਜੀਤ ਬਿੰਦਰੱਖੀਏ ਦਾ ਇੱਕ ਗਾਣਾ ਹੈ, 'ਪੇਕੇ ਹੁੰਦੇ ਮਾਵਾਂ ਨਾਲ' ਵੱਡੇ ਬਾਦਲ ਵੀ ਜਹਾਨੋਂ ਤੁਰ ਗਏ, ਹੁਣ ਕੈਰੋਂ ਦੀ ਧਰਮ ਪਤਨੀ ਜ਼ਰੂਰ ਸੋਚਦੀ ਹੋਵੇਗੀ ਕਿ ਜੱਗ ਵਿਚੋਂ ਸੀਰ ਮੁੱਕਿਆ। ਪੱਟੀ ਆਲੇ ਕੈਰੋਂ ਇਹ ਭੁੱਲ ਬੈਠੇ ਨੇ ਕਿ ਜਥੇਦਾਰ ਬਾਦਲ ਨੂੰ ਅਸੂਲ ਪਿਆਰੇ ਨੇ, ਚਾਹੇ ਕੋਈ ਟਾਹਣਾ ਕੱਟਣਾ ਪਵੇ।

ਕਿਸੇ ਭੇਤੀ ਨੇ ਦੱਸਿਆ ਹੈ ਕਿ ਜਥੇਦਾਰ ਬਾਦਲ ਨੇ ਆਪਣੇ ਆਪ ਨੂੰ ਹੁਣ 'ਪਰਿਵਾਰਵਾਦ' ਦੇ ਇਲਜ਼ਾਮਾਂ ਤੋਂ ਮੁਕਤ ਕਰਨ ਵਾਸਤੇ ਝਾੜੂ ਚੁੱਕਿਆ ਹੋਇਆ ਹੈ। ਜਦੋਂ ਸੁਖਬੀਰ ਇਸ ਮੋਰਚੇ ਲਈ ਘਰੋਂ ਨਿਕਲੇ ਤਾਂ ਅੱਗੇ ਮਜੀਠੀਆ ਸਾਬ੍ਹ ਅੱਖਾਂ ਸਾਹਮਣੇ ਘੁੰਮੇ, ਫਿਰ ਬੀਬੀ ਹਰਸਿਮਰਤ ਕੌਰ ਬਾਦਲ, ਇਹ ਸੋਚ ਕੇ ਪੱਟੀ ਵੱਲ ਮੋੜਾ ਕੱਟ ਲਿਆ ਕਿ ਕਿਤੇ ਘਰੋਂ ਪਰਸ਼ਾਦਾ ਪਾਣੀ ਹੀ ਬੰਦ ਨਾ ਹੋ ਜਾਵੇ। ਸੁਖਬੀਰ ਨੂੰ 'ਪਰਿਵਾਰਵਾਦ' ਦੇ ਚੈਪਟਰ 'ਚ ਸਭ ਤੋਂ ਕਮਜ਼ੋਰ ਕੜੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਜ਼ਰ ਪਏ ਹੋਣਗੇ, ਸੋ ਉਨ੍ਹਾਂ ਲੈ ਕੇ ਰੱਬ ਦਾ ਨਾਮ, ਕੈਰੋਂ ਨੂੰ ਚੁਕਾ ਕੇ ਗਠੜੀ ਪੱਟੀ ਦੇ ਰਾਹ ਪਾ'ਤਾ।

ਵਿਰਸਾ ਸਿੰਘ ਵਲਟੋਹਾ ਨੇ ਜੈਕਾਰਾ ਛੱਡ ਦਿੱਤਾ ਹੈ। 'ਪਰਿਵਾਰਵਾਦ' ਨੂੰ ਐਨ ਜੜ੍ਹੋਂ ਪੁੱਟਣ ਦੀ ਮਹੂਰਤ ਕੀਤੇ ਜਾਣ 'ਤੇ ਵਲਟੋਹਾ ਨੇ ਜ਼ਰੂਰ ਸੁਖਬੀਰ ਦੀ ਦਾਦ ਦਿੱਤੀ ਹੋਊ। ਕੋਈ ਪੜਤਾਲ ਚੰਦ ਸਾਹਮਣੇ ਨਹੀਂ ਆਇਆ, ਬੱਸ ਬਲਵਿੰਦਰ ਭੂੰਦੜ ਨੇ ਫ਼ੈਸਲਾ ਸੁਣਾਇਆ ਕਿ ਅਖੇ ! ਕੈਰੋਂ ਨੇ ਅਨੁਸ਼ਾਸਨ ਭੰਗ ਕਰ'ਤਾ, ਪਾਰਟੀ 'ਚੋਂ ਆਊਟ ਕਰਦੇ ਹਾਂ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਮੁਖੀ ਹਨ, ਉਹ ਵੀ ਕੈਰੋਂ ਵਾਂਗੂ ਚੋਣਾਂ 'ਚ ਅਕਾਲੀ ਦਲ ਵਾਰੇ ਚੁੱਪ ਹਨ।

ਕੈਰੋਂ ਖ਼ਿਲਾਫ ਕਾਰਵਾਈ ਅਲੋਕਾਰੀ ਹੈ ਕਿਉਂਕਿ ਪ੍ਰਾਹੁਣੇ ਰੁੱਸਦੇ ਤਾਂ ਬਹੁਤ ਸੁਣੇ ਨੇ ਪਰ ਸਾਲਿਆਂ ਤੋਂ ਕਸੂਰ ਪੁੱਛਦੇ ਬਹੁਤ ਘੱਟ ਦੇਖੇ ਨੇ। ਪਾਬਲੋ ਨੂਰਦਾ ਆਖਦਾ ਹੈ ਕਿ ਤੁਸੀਂ ਸਾਰੇ ਫੁੱਲਾਂ ਨੂੰ ਤਾਂ ਕੱਟ ਸਕਦੇ ਹੋ ਪਰ ਬਹਾਰ ਨੂੰ ਆਉਣ ਤੋਂ ਨਹੀਂ ਰੋਕ ਸਕਦੇ। ਬਾਦਲ ਸਾਹਿਬ ! ਲੱਗੇ ਰਹੋ, ਪੂਰਾ ਦਰਖ਼ਤ ਚੰਗੀ ਤਰ੍ਹਾਂ ਛਾਂਗ ਦਿਓ ਤਾਂ ਜੋ ਛੋਟੇ ਮੋਟੇ ਕੰਢੇ ਕਦੇ ਮੁੜ ਕੇ ਨਾ ਰੜਕਣ। ਜਦੋਂ ਵੱਡੇ ਬਾਦਲ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਆਪਣੇ ਜਵਾਈ ਕੈਰੋਂ ਦੇ ਹਵਾਲੇ ਪੂਰਾ ਆਬਕਾਰੀ ਮਹਿਕਮਾ ਕੀਤਾ ਅਤੇ ਫਿਰ ਖ਼ੁਰਾਕ ਸਪਲਾਈ ਦਾ ਮੰਤਰੀ ਬਣਾਇਆ।

ਵੱਡੇ ਬਾਦਲ ਪੇਂਡੂ ਕਲਚਰ 'ਚ ਪੀਐਚ.ਡੀ. ਸਨ। ਆਮ ਦੇਖਿਆ ਜਾਂਦਾ ਹੈ ਕਿ ਪੇਂਡੂ ਕਲਚਰ 'ਚ ਪ੍ਰਾਹੁਣਚਾਰੀ ਸ਼ਰਾਬ ਨਾਲ ਅਤੇ ਪ੍ਰਸ਼ਾਦੇ ਪਾਣੀ 'ਚ ਕੜਾਹ 'ਤੇ ਖੀਰ ਵੀ ਛਕਾਈ ਜਾਂਦੀ ਹੈ। ਸੋ ਵੱਡੇ ਬਾਦਲ ਸਾਹਿਬ ਨੇ ਤਾਹੀਂ ਪਹਿਲਾਂ ਕੈਰੋਂ ਨੂੰ ਆਬਕਾਰੀ ਮੰਤਰੀ ਬਣਾਇਆ ਅਤੇ ਫਿਰ ਖ਼ੁਰਾਕ ਮੰਤਰੀ। 'ਸਾਰਾ ਬਾਗ਼ ਹਵਾਲੇ ਤੇਰੇ।' ਖ਼ੈਰ ਘਰ ਦੀ ਲੜਾਈ ਇੱਕ ਐਸੀ ਲੜਾਈ ਹੈ ਜਿਸ ਦਾ ਹੱਲ 'ਸੰਯੁਕਤ ਰਾਸ਼ਟਰ' ਵੀ ਨਹੀਂ ਕਰ ਸਕਦਾ। ਇੱਕ ਕਹਾਵਤ ਵੀ ਮਸ਼ਹੂਰ ਹੈ,

'ਸਾਰੀ ਦੁਨੀਆ ਏਕ ਤਰਫ਼, ਜੋਰੂ ਕਾ ਭਾਈ ਏਕ ਤਰਫ਼।'

**ਚਰਨਜੀਤ ਭੁੱਲਰ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਰਾਜਨੀਤਕ ਚਾਸਭੂ ਪਾਠਕਾਂ ਲਈ ਵਿਸ਼ੇਸ਼ ਤੌਰ ਤੇ ਕਾਪੀ ਕੀਤਾ ਗਿਆ**

---




ਹਿੱਕ ਚ ਖੰਜਰ ਖੋਭ ਕੇ ਸੌਂ ਜਾਣ, ਅੱਜਕਲ੍ਹ ਇਉਂ ਨੀ ਕਰਦੇ ਲੋਕ।
ਹੁਣ ਤਾਂ ਦਿਲ ਨੂੰ ਗਮ ਜਿਹਾ ਲਾ ਕੇ, ਹੌਲੀ ਹੌਲੀ ਮਰਦੇ ਲੋਕ।

ਇਕ ਵਾਰੀ ਫ਼ਿਲਮੀ ਕਲਾਕਾਰ ਜੈਕੀ ਸ਼ਰਾਫ ਆਪਣੇ ਬਚਪਨ ਬਾਰੇ ਗੱਲ ਕਰਦਾ ਸਾਂਝੇ ਪਰਿਵਾਰ ਦੀ ਸੋਚ ਦੱਸ ਰਿਹਾ ਸੀ। ਉਹ ਦੱਸਦਾ ਸੀ ਕਿ ਗਰੀਬੀ ਹੋਣ ਕਰਕੇ ਘਰ ਦੇ ਸਾਰੇ ਮੈਂਬਰ ਇਕ ਹੀ ਛੱਤ ਹੇਠ ਸੌਂਦੇ ਸੀ। ਜਦੋਂ ਮੈਨੂੰ ਰਾਤ ਨੂੰ ਸੁੱਤੇ ਪਿਆਂ ਖੰਘ ਛਿੜਦੀ ਤਾਂ ਸਭ ਨੂੰ ਮੇਰੀ ਖੰਘ ਦਾ ਪਤਾ ਲੱਗਦਾ। ਮਾਂ ਮੈਨੂੰ ਉੱਠ ਕੇ ਸ਼ਹਿਦ ਦਿੰਦੀ ਤੇ ਮੈਂ ਟਿਕ ਕੇ ਸੌਂ ਜਾਂਦਾ। ਪਰਿਵਾਰ ਦੀ ਅਜਿਹੀ ਸਾਂਝ ਸੁਣ ਕੇ ਜਿਵੇਂ ਰੂਹ ਦਾ ਰੱਜ ਮਿਲ ਰਿਹਾ ਸੀ। ਜਿੱਥੇ ਇਕ ਦੀ ਔਖ ਸਭ ਦੀ ਔਖ ਹੋ ਜਾਂਦੀ। ਪਰ ਇਸ ਦੇ ਅਖੀਰ ਵਿਚ ਉਹ ਭਾਵੁਕ ਹੋ ਕੇ ਦੱਸ ਰਿਹਾ ਸੀ ਫੇਰ ਅਸੀਂ ਅਮੀਰ ਹੋਏ ਤਾਂ ਕਈ ਕੰਧਾਂ ਉਸਰ ਗਈਆਂ। ਮੇਰੀ ਓਹੀ ਮਾਂ ਮੇਰੀ ਆਲੀਸ਼ਾਨ ਕੋਠੀ ਦੇ ਵੱਖਰੇ ਕਮਰੇ ਵਿਚ ਹਾਰਟ ਅਟੈਕ ਨਾਲ ਚੱਲ ਬੱਸੀ। ਨਾਲ ਦੇ ਕਮਰੇ ਵਿਚ ਪਿਆਂ ਮੈਨੂੰ ਪਤਾ ਵੀ ਨਾ ਲੱਗਾ। ਮੈਂ ਬਹੁਤ ਰੋਇਆ ਕਿ ਹੋ ਸਕਦਾ ਹੈਂ ਮਾਂ ਨੇ ਜਾਣ ਲੱਗਿਆਂ ਹਾਕ ਮਾਰੀ ਹੋਵੇ ਜੋ ਮੈਂ ਨਹੀਂ ਸੁਣੀ।

ਅਜੋਕੀ ਤਰਜ਼ੇ ਜ਼ਿੰਦਗੀ ਦੀ ਨਿਜਮੁਖੀ ਸੋਚ ਨੇ ਜਾਂ ਵਸਤਾਂ ਦੀ ਚਕਾਚੌਂਧ ਨੇ ਸਾਨੂੰ ਭਰਮਾ ਲਿਆ ਹੈ। ਅਸੀਂ ਭਰੇ ਭੁਕੰਨੇ ਘਰਾਂ ਨੂੰ, ਘਰਾਂ ਵਿਚ ਪਲਰਦੀਆਂ ਸਾਂਝਾਂ ਨੂੰ ਵਿਸਰ ਰਹੇ ਹਾਂ। ਪ੍ਰਾਈਵੇਸੀ ਦੀ ਧਾਰਨਾ ਨੇ ਸਭ ਨੂੰ ਸਮੇਟ ਧਰਿਆ ਹੈ। ਹਰ ਸੀਨੇ ਵਿਚ ਵੱਖਰੀਆਂ ਸੋਚਾਂ ਵੱਖਰੇ ਤਸੀਹੇ ਦਫ਼ਨ ਕਰਦੀਆਂ ਲਗਦੀਆਂ ਹਨ। ਰਿਸ਼ਤਿਆਂ ਦੇ ਨਿੱਘ ਅਤੇ ਸਾਂਝਾਂ ਨਾਲ ਭਰੇ ਘਰ ਹੁਣ ਇਕਹਿਰੇ ਹੋ ਕੇ ਸਿਮਟ ਰਹੇ ਹਨ। ਬਜ਼ੁਰਗ ਮਾਵਾਂ ਆਖਦੀਆਂ ਰਹੀਆਂ ਕਿ ਕਬੀਲਦਾਰੀ ਦੇ ਖਿਲਾਰੇ ਨੂੰ ਬੱਝਵਾਂ ਝਾੜੂ ਹੀ ਸਮੇਟ ਸਕਦਾ ਹੈ। ਪਰ ਹੁਣ ਤੀਲਾ ਤੀਲਾ ਹੋ ਕੇ ਬਿੱਖਰਿਆ ਪਰਿਵਾਰ ਖਲਾਰੇ ਨੂੰ ਚੁਰਾਹੇ ਵਿਚ ਜਾ ਖਿਲਾਰਦਾ ਹੈ ਜਿੱਥੇ ਅਪੀਲਾਂ, ਦਲੀਲਾਂ ਜਾਂ ਵਕੀਲਾਂ ਹੱਥੋਂ ਅਖਬਾਰਾਂ ਦੀਆਂ ਖਬਰਾਂ ਤੱਕ ਘਰ ਦੀਆਂ ਗੱਲਾਂ ਜਾ ਪੁੱਜੀਆਂ ਹਨ। ਖ਼ੂਬਸੂਰਤ ਸਮਾਨ ਨਾਲ ਭਰੇ ਆਲੀਸ਼ਾਨ ਘਰਾਂ ਦੀਆਂ ਬਾਰੀਆਂ ਵਿਚੋਂ ਕਲੇਸ਼, ਲੜਾਈ ਅਤੇ ਤਲਾਕ ਦੀਆਂ ਲਮਕਦੀਆਂ ਲੀਰਾਂ ਕਿਆਸੀਆਂ ਜਾ ਸਕਦੀਆਂ ਹਨ। ਪੂਰਾ ਮੇਕ ਅਪ ਕੀਤੇ ਚਿਹਰੇ ਪਿਛਲੀ ਮੁਸਕਾਨ ਚੀਸਾਂ ਪਾਲਦੀ ਲਗਦੀ ਹੈ। ਬਜ਼ੁਰਗਾਂ ਦੀ ਕੀਤੀ ਪੈਰ ਪੈਰ ਤੇ ਟੋਕਾ ਟਾਕੀ ਗੁੱਸਾ ਪੀ ਜਾਣ ਦੀ ਭਾਵਨਾ ਸਿਰਜਦੀ ਰਹੀ ਹੈ। ਜ਼ਿੰਦਗੀ ਦੀ ਪਗਡੰਡੀ ਤੇ ਥਿੜਕਦੇ ਕਦਮਾਂ ਲਈ ਕਈ ਇਸ਼ਾਰੇ ਸਨ। ਆਪਸੀ ਮਨ-ਮੁਟਾਵ ਸਮੇਂ ਮਾਪਿਆਂ ਦੀ ਨਿਰਸਵਾਰਥ ਸਲਾਹ ਦਖਲ ਅੰਦਾਜੀ ਨਹੀਂ ਸਗੋਂ ਇਕਸੁਰ ਹੋ ਕੇ ਜੀਊਣ ਦੀ ਸਲਾਹ ਸੀ। ਔਖ ਸੌਖ ਸਮੇਂ ਤਜ਼ੁਰਬੇਕਾਰ ਲੋਕ ਸੌਖੇਰੀ ਥਾਣੀ ਲੰਘਣ ਦਾ ਵਲ ਦੇ ਜਾਂਦੇ ਸਨ। ਪਰ ਹੁਣ ਆਪਣੇ ਅੰਦਰ ਹੀ ਕੈਦ ਭੁਗਤ ਰਿਹਾ ਹਰ ਜੀਵ ਛੇਤੀ ਹੀ ਅੱਕ ਥੱਕ ਜਾਂਦਾ ਹੈ। ਛੋਟੀ ਜਿਹੀ ਮੁਸੀਬਤ ਜਾਂ ਜਿੰਦਗੀ ਦੀਆਂ ਤਲਖ਼ੀਆਂ ਦੀ ਨੋਕ ਝੋਕ ਸਮੇਂ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਛੇਤੀ ਹੀ ਮੌਤ ਨੂੰ ਮਾਸੀ ਕਹਿ ਤੁਰਦੇ ਹਨ। ਕਿਹਾ ਜਾਂਦਾ ਏ ਕਿ ਹਰ ਰਿਸ਼ਤਾ ਮਰਨ ਤੋਂ ਪਹਿਲਾਂ ਵੈਂਟੀਲੇਟਰ ਤੇ ਸਾਹ ਲੈਂਦਾ ਹੈ। ਉਸ ਸਮੇਂ ਇਹੋ ਜਿਹੀ ਸਲਾਹ ਦੀ ਲੋੜ ਹੁੰਦੀ ਹੈ। ਨਿਜਮੁਖੀ ਸੋਚ ਨੇ ਪੂਰੀ ਬੰਦ ਮੁੱਠੀ ਅਜਿਹੀ ਖਿਲਾਰੀ ਕਿ ਹੁਣ ਭਰੇ ਮੇਲਿਆਂ ਵਿਚ ਵੀ ਤਨਹਾ ਹੋਈ ਜੂਨ ਸਾਹ ਦੁੱਭਰ ਕਰਦੀ ਹੈ। ਮੋਹ ਮਮਤਾ ਦਾ ਆਧਾਰ ਪੇਤਲਾ ਪੈ ਗਿਆ ਹੈ। ÷ਬੁਰੇ ਭਲੇ ਹਮ ਥਾਰੇ÷ ਦੀ ਭਾਵਨਾ ਖਾਰਜ ਹੋ ਰਹੀ ਹੈ। ਸਿਆਣੇ ਆਖਦੇ ਹਨ ਭਰੇ ਪੂਰੇ ਪਰਿਵਾਰ ਵਿਚ ਪਲਦੀ ਸਰਫ਼ੇ ਦੀ ਉਲਾਦ ਹਥੇਲੀ ਫੋੜੇ ਵਾਂਗ ਪਲਦੀ ਔਖ ਸੌਖ ਜਰਨ ਜਾਂ ਸਤਿਕਾਰ ਅਤੇ ਪਿਆਰ ਕਰਨ ਦੇ ਸਬਕ ਯਾਦ ਨਹੀਂ ਰੱਖਦੀ। ਫੇਰ ਕੁਝ ਕਰਨ ਜਾਂ ਜਰਨ ਦੀ ਜਾਚ ਨਹੀਂ ਆਉਂਦੀ। ਜਿੰਦਗੀ ਇਤਨੀ ਸੌਖੀ ਨਹੀਂ ਨਹੀਂ ਹੁੰਦੀ ਜਿੰਨਾ ਸੌਖੀ ਹੋਣ ਦਾ ਭਰਮ ਸਿਰਜਦੀ ਹੈ। ਇਹ ਗੱਲ ਅਸੀਂ ਕਈ ਭੈਣ ਭਰਾ ਆਪਸ ਵਿਚ ਝਾਟ ਮਝੀਟਾ ਹੁੰਦੇ ਸਿੱਖਦੇ ਰਹੇ ਹਾਂ। ਵਧੀਆ ਨਿਭਦੇ ਵੀ ਆ ਰਹੇ ਹਾਂ। ਪਰ ਜੀਵਨ ਢੰਗ ਬਦਲ ਰਹੇ ਹਨ। ਪਤਾ ਨਹੀਂ ਆ ਰਹੇ ਸਮੇਂ ਵਿਚ ਹੋਰ ਕਿੰਨੇ ਅਤੇ ਕਿਵੇਂ ਬਦਲਣਗੇ। ਸਾਡੀ ਪੀੜ੍ਹੀ ਨੂੰ ਲਗਦਾ ਹੈ ਹੁਣ ਨਾ ਕੋਈ ਵਾਇਦਾ ਹੈ, ਨਾ ਕੋਈ ਕਾਇਦਾ ਹੈ, ਬਸ ਹਰ ਗੱਲ ਦਾ ਨੁਕਤਾ ਫਾਇਦਾ ਹੈ।

---

**ਕਨੇਡੀਅਨ ਸੱਥ**

# ਏਸ ਪੀੜ੍ਹੀ ਦੇ ਲੋਕ ਬਿਲਕੁਲ ਅਲੱਗ ਹਨ...
# ਪੰਜਾਬੀ ਸੱਥ ਰੀਜਾਇਨਾ ਵਾਲੇ ਬਾਬਿਆਂ ਦੀ ਗੱਲ

ਆਉਣ ਵਾਲੇ 10-15 ਸਾਲਾਂ ਚ ਇੱਕ ਪੀੜ੍ਹੀ ਸੰਸਾਰ ਛੱਡ ਕੇ ਚੱਲੀ ਜਾਏਗੀ... ਓਹ ਲੋਕ ਜਿੰਨਾ ਦੀ ਉਮਰ ਇਸ ਵੇਲੇ 65-70 ਸਾਲ ਹੈ। ਬਾਬਿਆਂ ਦੇ ਪੱਟਾਂ ਦਿਆਂ ਜ਼ੋਰਾਂ ਨੇ ਜਦੋਂ ਨਗੌਰੀ ਢੱਗਿਆਂ ਦੀ ਪਿੱਠ ਥਾਪੀ ਤਾਂ ਮਿੱਟੀ ਨੇ ਸੋਨਾ ਵਰ ਵਿੱਚ ਦਿੱਤਾ, ਦਹਾਕਿਆਂ ਬਾਅਦ ਟਰੈਕਟਰਾਂ ਦੀਆਂ ਚਿਤੀਆਂ 'ਚੋਂ ਨਿਕਲੇ ਧੂੰਏ ਨੇ ਹਿੱਕਾਂ ਚੋਂ ਚੋਂਦਾ ਮੁੜ੍ਹਕਾ ਠਾਰਿਆ, ਜਜ਼ਬੇ ਦਾ ਮੁੱਲ ਮੁੜਿਆ, ਧੀਆਂ - ਪੁੱਤਾਂ ਨੂੰ ਹਰ ਉਹ ਸੁੱਖ ਦਿੱਤਾ ਜੋ ਉਹ ਆਪ ਨਹੀਂ ਲੈ ਸਕੇ ਤੇ ਖੁਦ ਔਖੇ ਹੋ ਕੇ ਉਹਨਾਂ ਨੂੰ ਸੌਖਾ ਕੀਤਾ, ਮੌਰਾਂ ਤੇ ਤੂੜੀ ਦੀਆਂ ਪੰਡਾਂ ਲੈ ਕੇ ਅੰਦਰੀਂ ਵੜੇ ਜਵਾਨ, ਜਦੋਂ ਘਰੋਂ ਬਾਹਰ ਨਿਕਲੇ ਤਾਂ ਜਹਾਜਾਂ ਦੀਆਂ ਬਾਰੀਆਂ ਨੂੰ ਹੱਥ ਪਾ ਲਿਆ। ਏਸ ਪੀੜ੍ਹੀ ਦੇ ਲੋਕ ਬਿਲਕੁਲ ਅਲੱਗ ਹਨ... ਰਾਤ ਨੂੰ ਜਲਦੀ ਸੋ ਕੇ ਸਵੇਰੇ ਜਲਦੀ ਉੱਠਣ ਵਾਲੇ, ਘਰ ਚ ਲੱਗੇ ਪੌਦਿਆਂ ਨੂੰ ਪਾਣੀ ਦੇਣ ਵਾਲੇ, ਟਹਿਲ-ਕਦਮੀ ਕਰਦਿਆਂ ਸੈਰ ਕਰਨ ਵਾਲੇ। ਮੰਦਰ-ਮਸੀਤ- ਗੁਰੂਦੁਆਰੇ ਜਾਣ ਵਾਲੇ, ਸਵੇਰੇ ਸ਼ਾਮ ਰੱਬ ਦਾ ਨਾਮ ਲੈਣ ਵਾਲੇ, ਰਸਤੇ ਚ ਮਿਲਣ ਵਾਲੇ ਨੂੰ ਰਾਮ-ਰਾਮ, ਅਦਾਬ, ਸਤਿ ਸ੍ਰੀ ਅਕਾਲ ਬੁਲਾਉਣ ਵਾਲੇ, ਸਭ ਦਾ ਹਾਲ-ਚਾਲ ਪੁੱਛਣ ਵਾਲੇ।



ਤਿੱਥ-ਤਿਉਹਾਰ, ਰੀਤੀ-ਰਿਵਾਜ਼, ਮੱਸਿਆ-ਪੂਰਨਮਾਸੀ, ਇਕਾਦਸ਼ੀ ਦਾ ਧਿਆਨ ਰੱਖਣ ਵਾਲੇ, ਜੰਮਣੇ-ਮਰਨੇ ਦੀਆਂ ਤਰੀਕਾਂ ਯਾਦ ਰੱਖਣ ਵਾਲੇ, ਰੱਬ ਦਾ ਡਰ ਮੰਨਣ ਵਾਲੇ, ਵਰਤ ਰੱਖਣ ਵਾਲੇ, ਨਜ਼ਰ ਉਤਾਰਨ ਵਾਲੇ। ਅਖਬਾਰ ਨੂੰ ਉਲਟ-ਪਲਟ ਕੇ ਦਿਨ @ਚ ਦੋ ਵਾਰੀ ਪੜਨ ਵਾਲੇ, ਘਰ ਦਾ ਕੁਟਿਆ ਮਸਾਲਾ ਵਰਤਣ ਵਾਲੇ, ਦਿਨ ਵਿੱਚ 5-7 ਵਾਰ ਚਾਹ ਪੀਣ ਵਾਲੇ, ਆਚਾਰ ਪਾਉਣ ਵਾਲੇ, ਪੁਰਾਣੀਆਂ ਚੱਪਲਾਂ ਪਾ ਕੇ ਘੁੰਮਣ ਵਾਲੇ। ਘਰੇ ਆਏ ਮੰਗਤੇ ਨੂੰ ਖੈਰ ਪਾਉਣ ਵਾਲੇ, ਪਿੰਡ ਫੇਰੀ ਵਾਲੇ ਤੋਂ ਸਬਜੀ ਲੈਣ ਵਾਲੇ, ਰੋਜ਼ਾਨਾ ਡਾਇਰੀ ਵਿੱਚ ਘਰ ਦੇ ਖ਼ਰਚੇ ਦਾ ਹਿਸਾਬ ਰੱਖਣ ਵਾਲੇ, ਰਸੋਈ ਦੀ ਅਲਮਾਰੀ ਵਿੱਚ ਪੈਸੇ ਰੱਖਣ ਵਾਲੇ ਸੋਸ਼ਲ ਮੀਡੀਆ ਤੋਂ ਕੋਹਾਂ ਦੂਰ, ਖੇਤ ਗੇੜਾ ਲਾਉਣ ਵਾਲੇ, ਸੰਤੋਖੀ ਤੇ ਸਾਦਗੀ ਵਾਲਾ ਜੀਵਨ ਜੀਣ ਵਾਲੇ, ਕਬੀਲਦਾਰੀ ਨਿਭਾਉਣ ਵਾਲੇ, ਮਿਲਾਵਟ ਤੇ ਬਣਾਵਟ ਤੋਂ ਦੂਰ ਰਹਿਣ ਵਾਲੇ, ਧਰਮ ਦੇ ਰਸਤੇ ਤੇ ਚੱਲਣ ਵਾਲੇ, ਸਭ ਦਾ ਫਿਕਰ ਕਰਨ ਵਾਲੇ।

ਮਨੁੱਖੀ ਇਤਿਹਾਸ ਦੀ ਏਹ ਆਖਰੀ ਪੀੜ੍ਹੀ ਹੈ, ਜਿਸਨੇ ਆਪਣੇ ਵੱਡਿਆਂ ਦੀ ਵੀ ਸੁਣੀ ਤੇ ਹੁਣ ਛੋਟਿਆਂ ਦੀ ਵੀ ਸੁਣ ਰਹੇ ਹਨ ...!!

# ਅਰਨੈਸਟ ਹੈਮਿੰਗਵੇਅ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਅਰਨੈਸਟ ਹੈਮਿੰਗਵੇਅ**

**ਮੌਡਰਨ ਅਮੇਰਿਕਨ ਰਾਇਟਰ ਅਰਨੈਸਟ ਹੈਮਿੰਗਵੇਅ ਦਾ ਜਨਮ 21 ਜੁਲਾਈ 1899 ਨੂੰ ਅਮੈਰਿਕਾ ਦੇ ਇਲਿਨੌਇ ਸੂਬੇ ਦੇ ਓਕ ਪਾਰਕ ਵਿੱਚ ਹੋਇਆ ਸੀ। ਉਸ ਨੇ ਹਾਇ ਸਕੂਲ ਤੱਕ ਦੀ ਪੜ੍ਹਾਈ ਕੀਤੀ ਤੇ ਕੈਨਸਾਸ ਸਿਟੀ ਸਟਾਰ ਅਖ਼ਬਾਰ ਵਾਸਤੇ ਪੱਤਰਕਾਰ ਬਣ ਗਿਆ। ਉਸ ਨੂੰ ਲਿਖਣ ਦਾ ਬਹੁਤ ਸ਼ੌਕ ਸੀ ਤੇ ਉਸ ਵਿਚਲੀ ਕਲਪਨਾ ਸ਼ਕਤੀ ਬਹੁਤ ਮਜ਼ਬੂਤ ਸੀ। ਉਸ ਨੇ 20ਵੀਂ ਸਦੀ ਦੇ ਬਹੁਤ ਵੱਡੀ ਗਿਣਤੀ ਵਿੱਚ ਲੇਖਕਾਂ ਨੂੰ ਆਪਣੀ ਕਲਮ ਨਾਲ ਬਹੁਤ ਪ੍ਰਭਾਵਿਤ ਕੀਤਾ ਸੀ। ਉਸ ਦੀਆਂ ਛੋਟੀਆਂ ਕਹਾਣੀਆਂ ਤੇ ਨਾਵਲ ਦੁਨੀਆ ਭਰ ਵਿੱਚ ਬਹੁਤ ਮਕਬੂਲ ਹੋਏ ਤੇ ਯੂਨਿਵਰਸਿਟੀਆਂ ਵਿੱਚ ਪੜ੍ਹਾਏ ਜਾਂਦੇ ਰਹੇ ਹਨ। ਉਸ ਦੇ ਜਿਉਂਦਿਆਂ ਜੀਅ ਹੀ ਉਸ ਦੀਆਂ ਕਈ ਪੁਸਤਕਾਂ ਦੁਨੀਆ ਭਰ ਵਿੱਚ ਪੜ੍ਹਾਈਆਂ ਜਾਣ ਲੱਗੀਆਂ ਸਨ। 1954 ਵਿੱਚ ਉਸ ਨੂੰ ਸਾਹਿਤ ਦਾ ਨੌਬੇਲ ਇਨਾਮ ਦਿੱਤਾ ਗਿਆ। ਉਸ ਨੂੰ 'ਦ ਓਲਡ ਮੈਨ ਐਂਡ ਦ ਸੀ' ਨਾਵਲ ਉਪਰ ਇਹ ਵਕਾਰੀ ਸਨਮਾਨ ਦਿੱਤਾ ਗਿਆ ਸੀ। ਉਸ ਨੂੰ ਸਾਹਿਤ ਦੇ ਪੁਲਿਟਜ਼ਰ ਅਵਾਰਡ ਨਾਲ ਵੀ ਨਵਾਜ਼ਿਆ ਗਿਆ ਸੀ। ਉਸ ਨੇ ਪਹਿਲੀ ਸੰਸਾਰ ਜੰਗ ਵਿੱਚ ਵੀ ਹਿੱਸਾ ਲਿਆ ਸੀ ਤੇ ਪਤਰਕਾਰੀ ਦੌਰਾਨ ਉਸ ਨੂੰ ਫ੍ਰਾਂਸ ਵਿੱਚ ਵੀ ਜਾਣ ਤੇ ਰਹਿਣ ਦਾ ਮੌਕਾ ਮਿਲਿਆ। ਉਹ ਜੀਵਨ ਵਿੱਚ ਵੱਖ ਵੱਖ ਮੌਕਿਆਂ 'ਤੇ ਬਹੁਤ ਗੰਭੀਰ ਜ਼ਖ਼ਮੀ ਵੀ ਹੋਇਆ ਤੇ ਹਰ ਵਾਰ ਉਸ ਨੇ ਮੌਤ ਨੂੰ ਝਕਾਨੀ ਦਿੱਤੀ। ਉਸ ਨੇ 4 ਵਿਆਹ ਕਰਵਾਏ ਤੇ ਕਈ ਲਵ ਅਫੇਅਰ ਚਲਾਏ ਤੇ ਕਾਮਯਾਬੀ ਉਸ ਨੂੰ ਕਿਸੇ ਵਿੱਚ ਵੀ ਨਾ ਮਿਲੀ। ਹੈਮਿੰਗਵੇਅ ਬਹੁਤ ਵੱਡਾ ਲੇਖਕ ਸੀ ਤੇ ਉਸ ਨੂੰ ਬਹੁਤ ਇਨਾਮ-ਸਨਮਾਨ ਵੀ ਮਿਲੇ। ਹੈਮਿੰਗਵੇਅ ਨੇ 2 ਜੁਲਾਈ, 1961 ਵਾਲੇ ਦਿਨ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ। ਹੁਣ ਉਸ ਦੀ ਚਿੱਠੀ ਆਈ ਹੈ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ

**ਪਿਆਰੇ ਬੱਚੇ ਰਿਸ਼ੀ,**

ਪਿਛਲੇ ਦਿਨੀਂ ਮੈਨੂੰ ਤੇਰੇ ਸੱਤਿਆ ਭੈਣ ਜੀ ਦੱਸਿਆ ਕਿ ਤੂੰ ਅੰਗਰੇਜ਼ੀ ਸਾਹਿਤ ਦਾ ਵਿਦਿਆਰਥੀ ਰਿਹੈਂ ਤੇ ਤੂੰ ਮੇਰਾ ਬਹੁਤ ਸ਼ਰਧਾਲੂ ਵੀ ਸੀ ਤੇ ਮੈਨੂੰ ਬੜਾ ਈ ਚੰਗਾ ਲੱਗਿਆ ਤੇ ਸੋਚਿਆ ਕਿ ਤੇਰੇ ਨਾਲ ਵੀ ਸ਼ਬਦਾਂ ਦੀ ਕੁੱਝ ਸਾਂਝ ਪਾਵਾਂ। ਤੇਰੇ ਸੱਤਿਆ ਭੈਣ ਜੀ ਨੇ ਇਹ ਵੀ ਦੱਸਿਆ ਕਿ ਛੋਟੇ ਹੁੰਦੇ, ਤੂੰ ਬਹੁਤ ਸ਼ਰਾਰਤੀ ਹੁੰਦਾ ਸੈਂ ਤੇ ਅੰਗਰੇਜ਼ੀ ਤੇਰਾ ਮਨ ਭਾਉਂਦਾ ਵਿਸ਼ਾ ਹੁੰਦਾ ਸੀ ਇਸ ਕਰਕੇ ਤੇਰੇ ਗੁਣ ਮੇਰੇ ਨਾਲ ਮਿਲਦੇ ਲੱਗੇ ਤਾਂ ਸੋਚਿਆ ਕਿ ਤੈਨੂੰ ਜ਼ਰੂਰ ਚਿੱਠੀ ਲਿਖਣੀ ਚਾਹੀਦੀ ਹੈ। ਮੈਨੂੰ ਉਹਨਾਂ ਦੱਸਿਆ ਕਿ ਤੂੰ ਮੇਰੀਆਂ ਸਾਰੀਆਂ ਪੁਸਤਕਾਂ ਵੀ ਪੜ੍ਹੀਆਂ ਨੇ - ਮੈਨੂੰ ਬਹੁਤ ਹੈਰਾਨੀ ਵੀ ਹੋਈ ਤੇ ਚੰਗਾ ਵੀ ਲੱਗਿਆ। ਤੈਨੂੰ ਮੇਰੇ 'ਤੇ ਪੀਐਚਡੀ ਕਰਨੀ ਚਾਹੀਦੀ ਸੀ। ਚੱਲ ਕੋਈ ਨਾ! ਅੱਛਾ! ਜਿਸ ਕਰਕੇ ਮੈਂ ਤੈਨੂੰ ਲਿਖਣ ਲੱਗਿਆਂ, ਉਹ ਤਾਂ ਚੇਤੇ ਈ ਭੁੱਲ ਚੱਲਿਆ ਸੀ।

ਰਿਸ਼ੀ, ਤੁਹਾਡੇ ਭਾਰਤ ਦੇਸ਼ ਵਿੱਚ ਇਹ ਸੂਬਾ ਐ ਉੱਤਰ-ਪ੍ਰਦੇਸ਼ ਤੇ ਯੂ.ਪੀ. ਦਾ ਇੱਕ ਜ਼ਿਲ੍ਹਾ ਹੈ - ਹਾਪੁੜ। ਇਥੋਂ ਦੇ ਅਸ਼ੋਕ ਨਗਰ ਵਿੱਚ ਇੱਕ ਵਿਆਹ ਸੀ ਪਿਛਲੇ ਹਫ਼ਤੇ 25 ਮਈ ਵਾਲੇ ਦਿਨ। ਦੋ ਭੈਣਾਂ ਦਾ ਇੱਕੋ ਦਿਨ ਵਿਆਹ ਸੀ। ਵੱਡੀ ਭੈਣ ਦਾ ਵਿਆਹ ਤਾਂ ਸੁਖ-ਸਵੀਲੇ ਨਿੱਬੜ ਗਿਆ ਪਰ ਦੂਜੇ ਵਿਆਹ ਵਿੱਚ ਪੈ ਗਿਆ ਪੰਗਾ। ਦਰਅਸਲ, ਰਿਸ਼ੀ, ਹੋਇਆ ਇਹ ਕਿ ਵਿਆਹੁਣ ਆਏ ਕਾਕੇ ਨੇ ਆਪਣੀ ਹੋਣ ਵਾਲੀ ਵਹੁਟੀ ਦੇ ਜੈ-ਮਾਲਾ ਪਾਉਣ ਮਗਰੋਂ ਉਸ ਦੀ ਪੱਪੀ ਲੈ ਲਈ। ਲਉ ਜੀ, ਇਸ ਗੱਲ 'ਤੇ ਤਾਂ ਪੰਗਾ ਪੈ ਗਿਆ। ਆਹ ਕੀ ਕਰਤਾ! ਵਿਆਹ ਅਜੇ ਹੋਇਆ ਈ ਨਹੀਂ, ਲੋਕਾਂ ਦੀ ਐਨੀ ਭੀੜ, ਸਟੇਜ 'ਤੇ ਚੜ੍ਹ ਕੇ, ਸਰੇ-ਆਮ ਮੁੰਡੇ ਨੇ ਕੁੜੀ ਦੀ ਪੱਪੀ ਲੈ ਲਈ! ਆਹ ਕੀ ਗੱਲ ਹੋਈ ਭਲਾ!

ਬਾਤ ਦਾ ਬਣ ਗਿਆ ਬਤੰਗੜ ਤੇ ਕੁੜੀ ਵਾਲੇ ਜਾ ਚੜ੍ਹੇ ਸਟੇਜ ਪਰ! ਤੂੰ ਕੀ ਸਮਝਦੈਂ ਪਈ ਉਹ ਸ਼ਗਨ ਪਾਉਣ ਜਾ ਚੜ੍ਹੇ ਸਟੇਜ 'ਤੇ? ਨਾ ਨਾ ਨਾ - ਡਾਂਗਾਂ-ਸੋਟੀਆਂ ਲੈ ਕੇ ... ਦੋ-ਤਿੰਨ ਜਣਿਆਂ ਕੋਲ ਤਾਂ ਸਟੀਲ ਦੀਆਂ ਕੁਰਸੀਆਂ ਵੀ ਫੜੀਆਂ ਹੋਈਆਂ ਸੀ। ਇੱਕ ਦੋ ਨੇ ਆਪਣੇ ਹੱਥਾਂ ਵਿੱਚ ਜੁੱਤੀਆਂ ਵੀ ਫੜੀਆਂ ਹੋਈਆਂ ਸੀ। ਪਹਿਲਾਂ ਉਹਨਾਂ ਨੇ ਧਾਫੜਿਆ ਮੁੰਡੇ ਦਾ ਵੱਡਾ ਭਰਾ - ਲੈ ਭਾਈ, ਜਿਹਨੇ ਪੱਪੀ ਲਈ ਓ ਨਹੀਂ ਸੀ, ਉਹ ਤਾਂ ਸੁਜਾ ਦਿੱਤਾ ਉਹਨਾਂ ਨੇ! ਫੇਰ ਵਾਰੀ ਆਈ ਭਾਪਾ ਜੀ ਦੀ...ਜਿਹਨਾਂ ਨੂੰ ਪਤਾ ਈ ਨਹੀਂ ਸੀ ਪਈ ਹੋਇਆ ਕੀ ਐ, ਪੱਪੀ ਲੈਣ ਦੀ ਤਾਂ ਗੱਲ ਈ ਦੂਰ ਐ! 3-4 ਦੋਸਤਾਂ ਦੇ ਪਾਟੇ ਸਿਰ - ਦੋ ਦੇ ਲੱਗੀਆਂ ਡਾਂਗਾਂ ਤੇ ਦੋ ਦੇ ਸਿਰਾਂ 'ਚ ਪਈਆਂ ਸਟੀਲ ਦੀਆਂ ਕੁਰਸੀਆਂ। ਸਭ ਤੋਂ ਮਾੜੀ ਹੋਈ




ਉਹਨਾਂ ਨਾਲ ਜਿਹਨਾਂ ਨੂੰ ਛਿੱਤਰ ਪਏ ਪਰ ਪੱਪੀ ਤਾਂ ਉਹਨਾਂ ਨੇ ਵੀ ਨਹੀਂ ਲਈ ਸੀ। ਪੱਪੀ ਤਾਂ ਖ਼ੈਰ ਇਹਨਾਂ ਵਿੱਚੋਂ ਕਿਸੇ ਨੇ ਵੀ ਨਹੀਂ ਲਈ ਸੀ। ਪਰ ਜਿਹਨੇ ਪੱਪੀ ਲਈ ਸੀ, ਉਹ ਤਾਂ ਪਾ ਲੰਮਿਆਂ ਲਿਆ ਕੁੜੀ ਆਲਿਆਂ ਨੇ! ਰਾਤ ਦੇ ਡੇਢ ਵਜੇ ਪੁਲਿਸ ਆਈ। ਉਹਨਾਂ ਨੇ ਕੁੜੀ ਆਲਿਆਂ ਦੇ ਸੱਤ ਜਣੇ ਤਾਂ ਕੀਤੇ ਅੰਦਰ - ਪੁਲਸ ਆਲੇ ਹੁਣ ਉਹਨਾਂ ਦੀਆਂ ਹੱਡੀਆਂ ਭੰਨਨਗੇ ਤੇ ਮਗਰੋਂ ਉਹ ਦਾਖਲ ਹੋਣਗੇ ਹਸਪਤਾਲ! ਡਾਂਗਾਂ-ਸੋਟੀਆਂ, ਛਿੱਤਰ ਤੇ ਕੁਰਸੀਆਂ ਲੱਗਣ ਕਰਕੇ ਭੱਜੀਆਂ ਹੱਡੀਆਂ ਦੇ ਇਲਾਜ ਵਾਸਤੇ ਮੁੰਡੇ ਆਲਿਆਂ ਦੇ ਸੱਤ ਜਣਿਆਂ ਨੂੰ ਹਸਪਤਾਲ ਪਹਿਲਾਂ ਈ ਪਹੁੰਚਾਇਆ ਗਿਐ। ਮਤਲਬ ਕਿ ਪੱਪੀ ਲੈਣ ਵਾਲੇ ਵੀ ਤੇ ਪੱਪੀ ਦੇਣ ਵਾਲੇ ਵੀ - ਹੋਣਗੇ ਇਕੋ ਥਾਂ - ਹਸਪਤਾਲ ਵਿੱਚ!

ਰਿਸ਼ੀ ਬੱਚੇ! ਤੁਹਾਡੇ ਵੈਨਕੂਵਰ ਸ਼ਹਿਰ ਐ ਇੱਕ, ਬ੍ਰਿਟਿਸ਼ ਕੋਲੰਬੀਆ ਵਿੱਚ। ਉੱਥੇ ਹੈ ਕੈਨੇਡਾ ਪਲੇਸ ਨਾਮ ਦਾ ਇੱਕ ਸਥਾਨ। ਬੰਦਰਗਾਹ ਐ ਇਥੇ ਤੇ ਲੋਕ ਬਹੁਤ ਘੁੰਮਣ ਫਿਰਨ ਲਈ ਜਾਂਦੇ ਐ। ਸਾਲ 2009 ਦੀ ਗੱਲ ਐ। ਤੁਹਾਡਾ ਇੱਕ ਸਾਥੀ, ਭਾਰਤੀ ਪੰਜਾਬ ਤੋਂ ਆਇਆ ਸੀ ਕੈਨੇਡਾ ਤੇ ਉਥੇ ਸਿਕਿਉਰਿਟੀ ਗਾਰਡ ਵਜੋਂ ਤੈਨਾਤ ਸੀ। ਸੱਤਿਆ ਭੈਣ ਜੀ ਨੂੰ ਤਾਂ ਸ਼ੱਕ ਐ ਕਿ ਇਹ ਸਿਕਿਉਰਿਟੀ ਗਾਰਡ ਤੂੰ ਹੀ ਸੀ ਪਰ ਚੱਲ! ਮੈਂ ਮੰਨ ਲੈਨਾਂ ਕਿ ਤੂੰ ਨਹੀਂ ਸੀ। ਅੱਧੀ ਕੁ ਰਾਤ ਨੂੰ ਇੱਕ ਮੁੰਡਾ ਤੇ ਇੱਕ ਕੁੜੀ ਉਥੇ ਆਏ। ਹਲਕਾ ਹਲਕਾ ਮੀਂਹ ਪੈ ਰਿਹਾ ਸੀ। ਦੋਵੇਂ ਇੱਕ ਦੂਜੇ ਦੇ ਗਲ਼ ਲੱਗੇ ਤੇ ਪੱਪੀਆਂ ਲੈਣ ਲੱਗ ਪਏ ਇੱਕ ਦੂਜੇ ਦੀਆਂ। ਪੰਜਾਬੀ ਸਿਕਿਉਰਟੀ ਗਾਰਡ ਨੂੰ ਤਾਂ ਇੱਕ ਚੜ੍ਹੇ ਤੇ ਇੱਕ ਲੱਥੇ, ਭਾਈ...ਮੈਨੂੰ ਲੱਗਦਾ ਇਹ ਤੂੰ ਨਹੀਂ ਸੀ। 10-15 ਮਿੰਟ ਤਾਂ ਉਹ ਚੋਰੀ ਚੋਰੀ ਝਾਕੀ ਗਿਆ ਉਹਨਾਂ ਵੱਲ। ਫਿਰ ਉਹਨੇ ਅੱਕ ਕੇ ਪੁਲਸ ਸੱਦ ਲਈ। ਪੁਲਿਸ ਆਈ ਤਾਂ ਉਹ ਪੁੱਛਣ ਲੱਗੇ ਕਿ ਕੀ ਹੋਇਆ। ਉਹਨੇ ਇਸ਼ਾਰਾ ਕਰ'ਤਾ ਉਹਨਾਂ ਮੁੰਡੇ-ਕੁੜੀ ਅੱਲ ਜਿਹੜੇ ਅਜੇ ਵੀ ਹਾਪੁੜ ਜ਼ਿਲ੍ਹੇ ਦੇ ਅਸ਼ੋਕ ਨਗਰ ਦੀ ਵਿਆਹ ਵਾਲੀ ਸਟੇਜ 'ਤੇ ਚੜ੍ਹੇ ਖੜ੍ਹੇ ਲੱਗਦੇ ਸੀ। ਪੁਲਿਸ ਆਲੇ ਕਹਿੰਦੇ ਇਹਨਾਂ ਨੇ ਕੀ ਕੀਤੈ? ਉਹ ਕਹਿੰਦਾ - ਤੁਸੀਂ ਅੰਨ੍ਹੇ ਆਂ. ਦੀਂਹਦਾ ਨਹੀਂ ਤੁਹਾਨੂੰ ਕੀ ਚੰਨ ਚਾੜ੍ਹਣ ਲੱਗੇ ਹੋਏ ਨੇ ਇਹ ਦੋਵੇਂ? ਪੁਲਿਸ ਵਾਲੇ ਕਹਿੰਦੇ - ਤੇ ਚੰਨ ਹੋਰ ਦੁਪਹਿਰੇ ਚਾੜ੍ਹੀਦਾ ਹੁੰਦਾ ਭਲਾ? ਅੱਧੀ ਰਾਤ ਨੂੰ, ਬੰਦਰਹਗਾਹ-ਸਮੁੰਦਰ ਕਿਨਾਰੇ, ਹਲਕੀ ਹਲਕੀ ਬੂੰਦਾ ਬਾਂਦੀ ਵਿੱਚ ਦੋ ਰੂਹਾਂ ਪਿਆਰ ਕਰ ਰਹੀਆਂ ਨੇ! ਇਹ ਕੋਈ ਪਾਪ ਐ? ਕੋਈ ਕ੍ਰਾਇਮ ਕਰ ਰਹੇ ਨੇ ਇਹ? ਕਮੀਨਿਆ! ਸਾਨੂੰ ਕਿਉਂ ਸੱਦਿਆ? ਉਹ ਕਹਿੰਦਾ, ਜੀ, ਸਾਡੇ ਅੱਲ ਤਾਂ ਇਹ ਪਾਪ ਹੁੰਦੈ? ਇਹ ਤਾਂ ਨੀ ਕਰ ਸਕਦੇ ਇਉਂ! ਇਹ ਤਾਂ ਨੈਤਿਕਤਾ ਤੋਂ ਡਿੱਗੀ ਹੋਈ ਗੱਲ ਐ! ਪੁਲਿਸ ਆਲੇ ਬੇਚਾਰੇ ਬੜੇ ਪਰੇਸ਼ਾਨ ਤੇ ਉਹਨਾਂ ਨੇ 100 ਡਾਲਰ ਦਾ ਜੁਰਮਾਨਾ ਕਰਤਾ!

ਰਿਸ਼ੀ, ਤੈਨੂੰ ਕੀ ਲੱਗਦੈ ਪਈ ਇਹ ਜੁਰਮਾਨਾ ਕਿਹਨੂੰ ਕੀਤਾ ਹੋਊ ਪੁਲਿਸ ਨੇ ਭਲਾ? ਸਿਕਿਉਰਿਟੀ ਗਾਰਡ ਨੂੰ! ਉਹ ਕਹਿੰਦੇ ਪੁਲਿਸ ਦਾ ਸਮਾਂ ਬਰਬਾਦ ਕੀਤੈ ਤੇ ਪਿਆਰ ਕਰ ਰਹੇ, ਰੱਬ ਦੇ ਦੋ ਬੰਦਿਆਂ ਉੱਪਰ ਤੂੰ ਪਾਪ ਕਰਨ ਦਾ ਝੂਠਾ ਇਲਜ਼ਾਮ ਲਗਾਇਐ। ਲਉ ਜੀ, ਰਿਸ਼ੀ, ਸਿਕਿਉਰਿਟੀ ਗਾਰਡ ਸੌ ਡਾਲਰ ਦਾ ਜੁਰਮਾਨਾ ਲਗਵਾ ਕੇ, ਹੱਥ ਵਿੱਚ ਜੁਰਮਾਨਾ ਟਿਕਟ ਫੜੀ, ਨਿੰਮੋਝੂਣਾ ਹੋਇਆ, ਰੱਬ ਦੀਆਂ ਉਹਨਾਂ ਦੋ ਰੂਹਾਂ ਨੂੰ ਮੂੰਹ ਭਰ ਭਰ ਕੇ ਗਾਲਾਂ ਕੱਢਦਾ ਹੋਇਆ ਉਹਨਾਂ ਵੱਲ ਪਿੱਠ ਕਰਕੇ ਖਲੋ ਗਿਆ ਤੇ ਸਾਰੀ ਰਾਤ ਉੱਥੇ ਖਲੋਤਾ ਰਿਹਾ।

ਰਿਸ਼ੀ, ਤੂੰ ਸਾਹਿਤ ਦਾ ਵਿਦਿਆਰਥੀ ਐਂ ਤੇ ਮੈਂ ਸਾਹਿਤ ਲੇਖਕ। ਵੈਨਕੂਵਰ ਵਾਲੀ ਇਸ ਘਟਨਾ ਦਾ ਤੇਰੇ ਮਨ 'ਤੇ ਕੀ ਅਸਰ ਪਿਆ ਹੋਊ? ਤੇਰਾ ਮਨ ਕਰੂ ਕਿ ਕਿਸੇ ਦੀ ਸਰੇ-ਆਮ ਪੱਪੀ ਲੈਣਾ ਠੀਕ ਰਹੂ ਕਿ ਨਹੀਂ? ਦੂਜੇ ਪਾਸੇ, ਯੂ.ਪੀ. ਦੇ ਵਿਆਹ ਵਾਲਾ ਕਿੱਸਾ ਐ - ਕੋਈ ਵਿਆਂਦੜ ਕਦੀ ਸੋਚੂ ਕਿ ਆਪਣੀ ਹੋਣ ਵਾਲੀ ਵਹੁਟੀ ਨੂੰ ਕਿੱਸ ਕਰੇ ਕਿ ਨਾ? ਘਟਨਾ ਇਕੋ ਈ ਐ, ਵਾਪਰੀ ਦੋ ਵੱਖ ਵੱਖ ਥਾਂਵਾਂ 'ਤੇ ਐ ਤੇ ਨਤੀਜੇ ਵੀ ਦੋ ਈ ਨੇ!

ਰਿਸ਼ੀ, ਤੁਹਾਡੇ ਮੁਲਕ ਵਿੱਚ ਪਿਆਰ ਕਰਨ ਵਾਲਿਆਂ ਨੂੰ ਬਹੁਤ ਨਿੰਦਦੇ ਐ। ਲੋਕ ਖੌਰੇ ਸੜਦੇ ਰਹਿੰਦੇ ਐ...ਤੁਹਾਡੇ ਤਾਂ ਮੈਂ ਸੁਣਿਐ ਕਿ ਪਿਆਰ ਕਰਨ ਵਾਲਿਆਂ ਦੇ ਕਮਰੇ, ਬਾਹਰੋਂ ਕੁੰਡੀ ਲਾ ਕੇ ਬੰਦ ਕਰ ਦਿੰਦੇ ਐ ਤੇ ਲੋਕੀਂ 'ਕੱਠੇ ਵੀ ਹੋ ਜਾਂਦੇ ਐ! ਛਿੱਤਰ ਪਤੌਲ ਵੀ ਹੋ ਜਾਂਦੀ ਐ ਕਦੀ ਕਦੀ ਤਾਂ, ਮੈਨੂੰ ਪਤਾ ਲੱਗਿਐ। ਉੱਥੇ ਤਾਂ ਬਹੁਤ ਮਾੜੀ ਸੋਚ ਐ ਤੁਹਾਡੀ ਵੈਸੇ! ਬੱਚੇ, ਮੈਂ ਆਪਣੀ ਜ਼ਿੰਦਗੀ ਵਿੱਚ ਚਾਰ ਵਿਆਹ ਕਰਵਾਏ ਸਨ। ਹੈਡਲੀ ਰਿਚਰਡਸਨ ਸੀ ਮੇਰੀ ਪਹਿਲੀ ਵਹੁਟੀ...ਉਹਦੇ ਹੁੰਦਿਆਂ ਈ ਇੱਕ ਪੱਤਰਕਾਰ ਬੀਬੀ ਪੌਲੀਨ ਫਾਇਫਰ ਆ ਗਈ ਮੇਰੀ ਜ਼ਿੰਦਗੀ ਵਿੱਚ, ਮੈਂ ਵੀ ਪੱਤਰਕਾਰ ਸੀ ਤੇ ਉਹ ਵੀ...ਸਾਡੇ ਮਨ ਮਿਲ ਗਏ ਤੇ ਸਾਡੀਆਂ ਅੱਖਾਂ ਤਿੰਨ ਹੋ ਗਈਆਂ। ਦਰਅਸਲ ਮੇਰੀ ਇੱਕ ਅੱਖ ਖ਼ਰਾਬ ਹੋ ਗਈ ਸੀ। ਦੋ ਉਹਦੀਆਂ ਤੇ ਇੱਕ ਮੇਰੀ - ਸਾਡੀਆਂ ਅੱਖਾਂ ਫੇ ਤਿੰਨ ਹੋ ਗਈਆਂ। ਮੈਂ ਆਪਣੀ ਪਹਿਲੀ ਘਰ ਆਲੀ ਨੂੰ ਕਿਹਾ ਪਈ ਆਪਣੀ ਦਾਲ ਨਹੀਂ ਗਲਣੀ...ਤੇ ਉਹ ਕਹਿੰਦੀ ਜਾਹ ਫੇ ਦਫਾ ਹੋ...ਜਿਥੇ ਤੇਰਾ ਕੱਦੂ ਗ਼ਲਦਾ, ਉਥੇ ਗ਼ਾਲ ਲੈ...ਮੈਂ ਚੱਲੀ! ਫੇ ਭਾਈ ਓਦੂੰ ਵੀ ਵੱਡੀ ਪੱਤਰਕਾਰ ਆ ਗਈ ਮਾਰਥਾ ਗੈਲਹੌਰਨ ਸੀ ਉਸ ਦਾ ਨਾਮ। ਫੇ ਮੇਰੀ ਸੀਟੀ ਉਹਦੇ ਨਾਲ ਜਾ ਰਲੀ ਤੇ ਆਪਾਂ ਉਹਦੇ ਨਾਲ ਭਿੰਡੀਆਂ ਜਾ ਰਿੰਨ੍ਹੀਆਂ ਤੇ ਕੱਦੂ ਕਰਤਾ ਰਿਜੈਕਟ। ਜਦ ਭਿੰਡੀਆਂ ਮੁੱਕ ਗਈਆਂ ਤੇ ਰਾਜਮਾਂਹ ਲੈ ਕੇ ਮੇਰੀ ਵੌਲਸ਼ ਆ ਗਈ। ਆਪਾਂ ਉਹਦੇ ਨਾਲ ਦਾਲ ਜਾ ਧਰੀ ਤੇ ਗੈਲਹੌਰਨ ਨੂੰ ਕਿਹਾ ਤੈਨੂੰ ਤੇਰੀਆਂ ਭਿੰਡੀਆਂ ਮੁਬਾਰਕ! ਆਪਾਂ ਤਾਂ ਰਾਜਮਾਂਹ ਛਕਾਂਗੇ ਹੁਣ। ਚਾਰ ਵਿਆਹ ਕਰਵਾਏ ਤੇ 3 ਬੱਚੇ ਹੋਏ ਜਿਹਨਾਂ ਵਿੱਚੋਂ ਇੱਕ ਕਨੇਡੀਅਨ ਮੁੰਡਾ ਐ ਤੇ ਇੱਕ ਬੇਟੀ ਡਾਕਟਰ ਐ ਅਮਰੀਕਾ ਵਿੱਚ। ਪਿਆਰ ਵਿੱਚ ਤਾਂ ਕੋਈ ਬੰਧਿਸ਼ ਤਾਂ ਨਹੀਂ ਨਾ ਹੋਣੀ ਚਾਹੀਦੀ।

ਮੇਰੀ ਇੱਕ ਹੋਰ ਸਹੇਲੀ ਹੁੰਦੀ ਸੀ...ਜਦੋਂ ਮੈਂ ਇਟਲੀ ਦੇ ਮਿਲਾਨ ਸ਼ਹਿਰ ਦੇ ਹਸਪਤਾਲ ਵਿੱਚ ਜੰਗੀ ਜ਼ਖ਼ਮੀ ਸੀ ਤਾਂ ਉਥੇ ਇੱਕ ਨਰਸ ਹੁੰਦੀ ਸੀ ਐਗਨੇਸ ਵੌਨ ਕੁਰਾਉਸਕੀ..ਰੈਡ ਕਰੌਸ ਨਾਲ ਕੰਮ ਕਰਦੀ ਸੀ ਤੇ ਮੇਰੇ ਨਾਲੋਂ ਸੱਤ ਸਾਲ ਵੱਡੀ ਸੀ। ਮੇਰਾ ਉਸ ਨਾਲ ਈਲੂ-ਈਲੂ ਹੋ ਗਿਆ। ਉਹ ਕਹਿੰਦੀ ਤੂੰ ਚੱਲ, ਮੈਂ ਆਈ ਅਮਰੀਕਾ ਤੇਰੇ ਕੋਲ। ਮੈਂ ਆ ਗਿਆ ਤੇ ਉਹਨੂੰ ਉਡੀਕਦਾ ਰਿਹਾ ਪਰ ਉਹਦੀ ਚਿੱਠੀ ਆਈ - ਕਹਿੰਦੀ, ਅਗਲੇ ਮਹੀਨੇ ਮੇਰਾ ਵਿਆਹ ਵਾ ਤੇ ਤੂੰ ਜ਼ਰੂਰ ਆਵੀਂ। ਬਾਂਦਰੀ ਜਿਹੀ ਨੇ ਕਚੂਮਰ ਈ ਕੱਢਤਾ ਮੇਰਾ! ਮੇਰਾ ਤਾਂ ਉਹਨੇ ਦਿਲ ਈ ਤੋੜਤਾ, ਗੈਂਡੇ ਦੀ ਸ਼ਖ਼ਲ ਆਲੀ ਨਾ ਹੋਵੇ ਤਾਂ। ਖੈਰ, ਰੱਬ ਨੇ ਮੈਨੂੰ ਪਿਆਰ ਬਹੁਤ ਦਿੱਤਾ। ਚਾਰ ਵਿਆਹ ਤੇ ਕਈ ਸਹੇਲੀਆਂ! ਤੁਹਾਨੂੰ ਇੰਡੀਅਨਾਂ ਨੂੰ ਤਾਂ - ਲਵ ਕਰਨਾ ਈ ਨੀ ਆਉਂਦਾ। ਕਿੰਨੇ ਬੈਕਵਰਡ ਓ ਤੁਸੀਂ। ਦੇਖ ਤਾਂ, ਯੂਪੀ ਦੇ ਹਾਪੁੜ ਵਿੱਚ ਕੀ ਹੋਇਆ!

ਰਿਸ਼ੀ, ਮੈਨੂੰ ਮਾਰਕ ਟਵੇਨ ਦੀ ਲਿਖੀ ਇੱਕ ਕਹਾਣੀ ਚੇਤੇ ਆ ਗਈ ਜਿਹੜੀ ਕਦੀ ਪੰਜਾਬ ਸਕੂਲ ਐਜੁਕੇਸ਼ਨ ਬੋਰਡ ਨੇ ਬਾਰ੍ਹਵੀਂ ਜਮਾਤ ਦੀ ਲਾਜ਼ਮੀ ਅੰਗਰੇਜ਼ੀ ਵਿਸ਼ੇ ਵਿੱਚ ਲਗਾਈ ਹੁੰਦੀ ਸੀ। ਕਹਾਣੀ ਦਾ ਨਾਮ ਹੁੰਦਾ ਸੀ 'ਮੰਡੇ ਮੌਰਨਿੰਗ' ਤੇ ਟੌਮ ਸਾਇਅਰ ਉਸ ਦਾ ਹੀਰੋ ਹੁੰਦਾ ਸੀ। ਤੈਨੂੰ ਵੀ ਚੇਤੇ ਹੋਊ ਸ਼ਾਇਦ ਇਹ ਕਹਾਣੀ। ਉਸ ਕਹਾਣੀ ਵਿੱਚ ਟੌਮ ਦੀ ਮਾਂ ਉਸ ਦੇ ਪਿਤਾ ਕੋਲ ਸ਼ਿਕਾਇਤ ਲਗਾਉਂਦੀ ਐ ਕਿ ਟੌਮ ਆਪਣੇ ਛੋਟੇ ਭਰਾ ਨੂੰ ਤੰਗ ਕਰਦਾ ਹੈ। ਪਿਤਾ ਉਸ ਵੇਲੇ ਕੋਈ ਕੰਮ ਕਰ ਰਿਹਾ ਹੁੰਦਾ ਹੈ। ਉਹ ਸ਼ਿਕਾਇਤ ਵੱਲ ਕੋਈ ਧਿਆਨ ਨਹੀਂ ਦਿੰਦਾ ਤੇ ਛੋਟੇ ਬੱਚੇ ਦੀ ਗੱਲ੍ਹ ਤੇ ਹਲਕੀ-ਪੋਲੀ ਜਿਹੀ ਚੂੰਢੀ ਵੱਢ ਕੇ ਮੁਸਕਰਾ ਦਿੰਦਾ ਹੈ। ਟੌਮ ਦੀ ਸ਼ਿਕਾਇਤ ਲੈ ਕੇ ਆਈ ਮਾਂ ਖਿਝ ਕੇ ਉਥੋਂ ਚਲੀ ਜਾਂਦੀ ਹੈ। ਸਵਾਲ ਐ ਕਿ ਟੌਮ ਦੀ ਮਾਂ ਖਿਝ ਕਿਉਂ ਜਾਂਦੀ ਐ?

ਰਿਸ਼ੀ ਬੱਚੇ, ਮੈਂ ਤੇਰੀ ਸੱਤਿਆ ਭੈਣ ਜੀ ਨੂੰ ਇਹੀ ਸਵਾਲ ਪੁੱਛਿਆ ਕਿ ਸ਼ਿਕਾਇਤ ਸੁਣ ਕੇ ਟੌਮ ਦੇ ਬਾਪੂ ਵੱਲੋਂ ਛੋਟੇ ਬੱਚੇ ਦੀ ਗੱਲ੍ਹ 'ਤੇ ਵੱਢੀ ਚੂੰਢੀ 'ਤੇ ਮਾਂ ਨਾਰਾਜ਼ ਕਿਉਂ ਹੋ ਗਈ? ਸੱਤਿਆ ਭੈਣ ਜੀ ਨੇ, ਪਤੈ, ਕੀ ਕਿਹਾ ਮੈਨੂੰ? ਮਾਂ ਕਹਿੰਦੀ, ਚੂੰਢੀ ਬੱਚੇ ਦੀ ਗੱਲ੍ਹ 'ਤੇ ਕਿਉਂ ਵੱਢੀ, ਮੈਂ ਮਰ ਗਈ ਸੀ ਉਸ ਵੇਲੇ? ਹੇਹੇਹੇ...! ਇਧਰ ਆ ਕੇ ਤਾਂ ਸੱਤਿਆ ਭੈਣ ਜੀ ਨੂੰ ਪਤਾ ਲੱਗ ਗਿਆ ਕਿ ਸੱਚਾ ਪਿਆਰ ਕਿਹਨੂੰ ਕਹਿੰਦੇ ਐ!

ਦੇਖੋ ਜ਼ਰਾ! ਤੁਹਾਡੇ ਤੇ ਸਾਡੇ ਲੋਕਾਂ ਵਿਚਲਾ ਫ਼ਰਕ! ਤੁਹਾਡਾ ਇੱਕ ਬਹੁਤ ਵੱਡਾ ਕਵੀ ਪਿਛਲੇ ਦਿਨੀਂ ਸਾਡੇ ਕੋਲ ਆਇਐ...ਅਸੀਂ ਦੋਵੇਂ ਸਾਹਿਤ ਚਰਚਾ ਕਰ ਰਹੇ ਸੀ ਕਿ ਇਹ ਘਟਨਾ ਸਾਹਮਣੇ ਆ ਗਈ। ਮੈਂ ਉਹਨੂੰ ਇਹੀ ਘਟਨਾ ਸੁਣਾਈ ਕਿ ਯੂ.ਪੀ. ਦੇ ਹਾਪੁੜ ਵਿੱਚ ਕੀ ਕੁੱਝ ਵਾਪਰਿਐ। ਸੁਰਜੀਤ ਪਾਤਰ ਨੇ ਆਪਣਾ ਮੂੰਹ ਧਰਤੀ ਵੱਲ ਕਰ ਲਿਆ ਤੇ ਕਹਿਣ ਲੱਗਿਆ:

ਇਸ ਤਰਾਂ ਹੈ ਜਿਸ ਤਰਾਂ ਦਿਨ ਰਾਤ
ਵਿਚਲਾ ਫ਼ਾਸਿਲਾ
ਮੇਰੀਆਂ ਰੀਝਾਂ ਮੇਰੀ ਔਕਾਤ
ਵਿਚਲਾ ਫ਼ਾਸਿਲਾ

ਮੈਂ ਕਿਹਾ, ਤੂੰ ਸ਼ਾਇਰੀ ਵਿੱਚ ਨਾ ਗੱਲ ਕਰ। ਸਿੱਧਾ-ਸਿੱਧਾ ਸਮਝਾ ਕਿ ਭਾਰਤੀ ਲੋਕ ਮੁਹੱਬਤ ਦੇ ਦੁਸ਼ਮਣ ਨੇ ਜਾਂ ਕਿ ਮੁਹੱਬਤ ਦਾ ਇਜ਼ਹਾਰ ਕਰਨ ਜਾਂ ਉਸ ਦੇ ਪ੍ਰਦਰਸ਼ਨ ਦੇ ਵਿਰੋਧੀ ਨੇ? ਉਹਨਾਂ ਨੂੰ ਮੁਹੱਬਤ ਨਹੀਂ ਕਰਨੀ ਆਉਂਦੀ ਕਿ ਉਸ ਦੀ ਪੇਸ਼ਕਾਰੀ ਨਹੀਂ ਆਉਂਦੀ? ਰਿਸ਼ੀ, ਮੇਰੇ ਇਸ ਸਵਾਲ 'ਤੇ ਪਾਤਰ ਨੇ ਬਹੁਤ ਈ ਸ਼ਾਨਦਾਰ ਉੱਤਰ ਦਿੱਤਾ। ਕਹਿਣ ਲੱਗਿਆ:

ਲਫ਼ਜ਼ ਤਾਂ ਸਾਊ ਬਹੁਤ ਨੇ, ਯਾ ਖ਼ੁਦਾ ਬਣਿਆ ਰਹੇ
ਮੇਰਿਆਂ ਲਫ਼ਜ਼ਾਂ ਮੇਰੇ ਜਜ਼ਬਾਤ
ਵਿਚਲਾ ਫ਼ਾਸਿਲਾ
ਹਾਂ ਮੈਂ ਆਪੇ ਹੀ ਕਿਹਾ ਸੀ ਹੋਂਠ ਸੁੱਚੇ ਰੱਖਣੇ
ਹਾਇ ਪਰ ਇਸ ਪਿਆਸ ਤੇ ਉਸ
ਬਾਤ ਵਿਚਲਾ ਫ਼ਾਸਿਲਾ
ਜੇ ਬਹੁਤ ਪਿਆਸ ਹੈ ਤਾਂ ਮੇਟ ਦੇਵਾਂ
ਉਸ ਕਿਹਾ
ਰਿਸ਼ਤਿਆਂ ਤੇ ਰਿਸ਼ਤਿਆਂ ਦੇ ਘਾਤ
ਵਿਚਲਾ ਫ਼ਾਸਿਲਾ
ਧਰਮ ਹੈ, ਇਖ਼ਲਾਕ ਹੈ, ਕਾਨੂੰਨ ਹੈ,
ਇਹ ਕੌਣ ਹੈ
ਮੇਰਿਆਂ ਬਿਰਖਾਂ ਤੇਰੀ ਬਰਸਾਤ
ਵਿਚਲਾ ਫ਼ਾਸਿਲਾ
ਉਸਦੀਆਂ ਗੱਲਾਂ ਸੁਣੋ ਕੀ ਰੰਗ ਕੀ
ਕੀ ਰੌਸ਼ਨੀ
ਹਾਇ ਪਰ ਕਿਰਦਾਰ ਤੇ ਗਲਬਾਤ
ਵਿਚਲਾ ਫ਼ਾਸਿਲਾ॥

ਖੈਰ! ਮੈਂ ਤਾਂ ਦੱਸਣਾ ਈ ਸੀ...ਪਿਆਰ ਕਰਨ ਵਾਲਿਆਂ ਨਾਲ ਨਫ਼ਰਤ ਨਾ ਕਰਿਆ ਕਰੋ! ਮੇਰੇ ਅੱਲ ਦੇਖ, ਚਾਰ ਵਿਆਹ ਤੇ ਅੱਧੀ ਦਰਜਨ ਸਹੇਲੀਆਂ...ਇਹਨੂੰ ਕਹਿੰਦੇ ਐ ਭਰਪੂਰ ਪਿਆਰ! ਪਿਆਰ ਨਾਲ ਰਿਹਾ ਕਰੋ! ਯੂ.ਪੀ. ਵਾਲਿਆਂ ਨੂੰ ਸਮਝਾਓ...ਪਿਆਰ ਦੇ ਦੁਸ਼ਮਣ ਨਾ ਬਣਨ। ਪਿਆਰ ਨਾਲ ਜੰਗ ਜਿੱਤੀ ਜਾਂਦੀ ਐ ਤੇ ਪਿਆਰ ਨਾਲ ਹੀ ਰੱਬ ਵੀ ਹਾਸਲ ਕੀਤਾ ਜਾ ਸਕਦੈ। ਜੇ ਪਿਆਰ ਕਰਨ ਵਾਲਿਆਂ ਨਾਲ ਯੂਪੀ ਦੇ ਹਾਪੁੜ ਵਾਲਾ ਹਾਲ ਕੀਤਾ ਤਾਂ ਸਾਰੇ ਜਣੇ ਹਸਪਤਾਲ ਈ ਰਹੋਗੇ...ਹੱਡੀਆਂ ਦਾ ਇਲਾਜ ਕਰਵਾਉਣ ਲਈ!

ਚੰਗਾ, ਰਿਸ਼ੀ ਬੇਟਾ!
ਫੇਰ ਕਦੀ ਸਹੀ!

ਤੇਰਾ,
ਅਰਨੈਸਟ ਹੈਮਿੰਗਵੇਅ!

## ਹਿੰਸਾ ਨਾਲ ਸਬੰਧਤ ਦੋ ਮਾਮਲਿਆਂ ਵਿੱਚ ਇਮਰਾਨ ਖ਼ਾਨ ਬਰੀ ਹੋਇਆ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੀ ਇੱਕ ਅਦਾਲਤ ਨੇ 9 ਮਈ 2023 ਦੀ ਹਿੰਸਾ ਨਾਲ ਸਬੰਧਤ ਦੋ ਮਾਮਲਿਆਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ 'ਸਬੂਤਾਂ ਦੀ ਘਾਟ' ਦਾ ਹਵਾਲਾ ਦਿੰਦਿਆਂ ਬਰੀ ਕਰ ਦਿੱਤਾ ਹੈ। ਉਨ੍ਹਾਂ 'ਤੇ ਹੋਰ ਵੀ ਕਈ ਕੇਸ ਚੱਲ ਰਹੇ ਹਨ ਅਤੇ ਇਸ ਵੇਲੇ ਉਹ ਜੇਲ੍ਹ ਵਿੱਚ ਬੰਦ ਹਨ। ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਬਾਨੀ ਇਮਰਾਨ ਦੇ ਸਮਰਥਕਾਂ ਨੇ ਪਿਛਲੇ ਸਾਲ 9 ਮਈ ਨੂੰ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਸੀ। ਇਮਰਾਨ ਖ਼ਿਲਾਫ਼ ਸ਼ਹਿਜ਼ਾਦ ਟਾਊਨ ਥਾਣੇ ਵਿੱਚ ਦਰਜ ਦੋ ਮਾਮਲਿਆਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਇਸਲਾਮਾਬਾਦ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਦੇ ਜੁਡੀਸ਼ੀਅਲ ਮੈਜਿਸਟਰੇਟ ਉਮਰ ਸ਼ਬੀਰ ਨੇ ਮਨਜ਼ੂਰ ਕਰ ਲਈ। ਅਦਾਲਤ ਨੇ ਇਮਰਾਨ ਨੂੰ ਬਰੀ ਕਰਨ ਦਾ ਹੁਕਮ ਸੁਣਾਉਂਦਿਆਂ ਆਪਣੇ ਫ਼ੈਸਲੇ 'ਚ ਕਿਹਾ, ''ਇਸਤਗਾਸਾ ਪੱਖ ਵੱਲੋਂ ਪੁਖਤਾ ਸਬੂਤ ਪੇਸ਼ ਨਾ ਕੀਤੇ ਜਾਣ ਕਾਰਨ ਪੀਟੀਆਈ ਦੇ ਸੰਸਥਾਪਕ ਨੂੰ ਬਰੀ ਕੀਤਾ ਜਾਂਦਾ ਹੈ।'










# ਰਾਮਗੜ੍ਹੀਆ ਸਿੱਖ ਸੋਸਾਇਟੀ ਆਫ ਕੈਲਗਰੀ ਵੱਲੋਂ ਚਿਲਡਰਨ ਹਸਪਤਾਲ ਲਈ ਇੱਕ ਲੱਖ ਡਾਲਰ ਦਾ ਦਾਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਦਾਨੀਆਂ ਦੀ ਲਿਸਟ ਨੂੰ ਲੰਮਾ ਕਰਦੇ ਹੋਏ ਰਾਮਗੜ੍ਹੀਆ ਸਿੱਖ ਸੋਸਾਇਟੀ ਆਫ ਕੈਲਗਰੀ ਵੱਲੋਂ ਬੀਤੇ 24 ਮਈ 2024 ਵਾਲੇ ਦਿਨ ਇੱਕ ਛੋਟੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕੈਲਗਰੀ ਦੇ ਚਿਲਡਰਨ ਹਸਪਤਾਲ ਨੂੰ ਦਾਨ ਦੇਣ ਸਬੰਧੀ ਕੀਤਾ ਗਿਆ।

ਰਾਮਗੜ੍ਹੀਆ ਸਿੱਖ ਸੋਸਾਇਟੀ ਆਫ ਕੈਲਗਰੀ ਦੇ ਪ੍ਰਧਾਨ ਕਮਲਜੀਤ ਸਿੰਘ ਖਾਂਬਾ ਦੇਵੀ ਲੈਲ,ਪਰਮਿੰਦਰ ਰੰਧਾਵਾ,ਜੈਮੀ ਲੈਲ ਅਤੇ ਹੋਰ ਬਾਕੀ ਮੈਂਬਰਾਂ ਵੱਲੋਂ ਚਿਲਡਰਨ ਹਸਪਤਾਲ ਲਈ ਇੱਕ ਲੱਖ ਡਾਲਰ ਦਾ ਫੰਡ ਚੈੱਕ ਦੇ ਰੂਪ ਵਿੱਚ Lynn Van Hyfte. VP fund development of Children hospital ਨੂੰ ਭੇਟ ਕੀਤਾ ਗਿਆ। ਰਾਮਗੜ੍ਹੀਆ ਸਿੱਖ ਸੋਸਾਇਟੀ ਆਫ ਕੈਲਗਰੀ ਦੈ ਇਸ ਉਪਰਾਲੇ ਦੀ ਹਰ ਪਾਸਿਓਂ ਸ਼ਲਾਘਾ ਹੋ ਰਹੀ ਹੈ।

# ਗੱਡੀ ਚੋਰਾਂ ਨੂੰ ਪੁਲਿਸ ਫਿਰੇ ਲੱਭਦੀ, ਲੋਕਾਂ ਨੂੰ ਨਿਸ਼ਾਨੀ ਦੱਸਕੇ-

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਵਿੱਚ ਗੱਡੀਆਂ ਚੋਰੀ ਹੋਣ ਦਾ ਸਿਲਸਿਲਾ ਬਾਦ ਦਸਤੂਰ ਜਾਰੀ ਹੈ ਭਾਵੇਂ ਕਿ ਪੁਲਿਸ ਵੱਲੋਂ ਵੱਡੀ ਪੱਧਰ ਤੇ ਚੋਰੀ ਹੋਈਆਂ ਗੱਡੀਆਂ ਬਰਾਮਦ ਵੀ ਕੀਤੀਆਂ ਜਾ ਰਹੀਆਂ ਹਨ ਪਰ ਚੋਰੀਆਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਹੁਣ ਕਿੰਗ ਟਾਊਨਸ਼ਿਪ ਏਰੀਏ ਵਿੱਚ ਵਾਪਰੀ ਇੱਕ ਤਾਜ਼ਾ ਵਾਰਦਾਤ ਵਿੱਚ ਇੱਕ ਪਿਕਅਪ ਟਰੱਕ ਚੋਰੀ ਕਰਕੇ ਲੈ ਕੇ ਜਾ ਰਹੇ ਡਰਾਈਵਰ ਨੇ ਦੋ ਟਰੱਕਾਂ ਨੂੰ ਟੱਕਰ ਮਾਰ ਦਿੱਤੀ । ਇਹ ਚੋਰ ਜਿਸ ਤਰ੍ਹਾਂ ਸੜਕ ਉੱਪਰ ਪਿਕਅਪ ਟਰੱਕ ਨੂੰ ਚਲਾ ਰਿਹਾ ਸੀ ਤਾਂ ਉਥੋਂ ਲੰਘ ਰਹੇ ਕਈ ਲੋਕਾਂ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ । ਜਦੋਂ ਪਿਕਅਪ ਟਰੱਕ ਦਾ ਐਕਸੀਡੈਂਟ ਹੋ ਗਿਆ ਤਾਂ ਇਹ ਚੋਰ ਇੱਕ ਹੋਰ ਗੱਡੀ ਚੋਰੀ ਕਰਕੇ ਉਥੋਂ ਫਰਾਰ ਹੋ ਗਿਆ । ਪੁਲਿਸ ਹੁਣ ਇਨ੍ਹਾਂ ਗੱਡੀ ਚੋਰਾਂ ਦੀ ਤਲਾਸ਼ ਕਰ ਰਹੀ ਹੈ। ਪੁਲਿਸ ਨੇ ਦੱਸਿਆ ਹੈ ਕਿ ਇਹ ਸਿਆਹ ਮੂਲ ਦੇ ਦੋ ਲੋਕ ਹਨ ਜਿਨਾਂ ਵਿੱਚ ਇੱਕ ਮਰਦ ਤੇ ਇੱਕ ਔਰਤ ਹੈ। ਮਰਦ ਦੀ ਲੰਬਾਈ ਛੇ ਫੁੱਟ ਦੱਸੀ ਜਾ ਰਹੀ ਹੈ ਅਤੇ ਦੋਹਾਂ ਦੀ ਉਮਰ 20 ਤੋਂ 30 ਸਾਲ ਦੇ ਦਰਮਿਆਨ ਹੈ।

# ਚੀਨੀ ਅਦਾਲਤ ਨੇ ਰਿਸ਼ਵਤਖੋਰ ਨੂੰ ਮੌਤ ਦੀ ਸਜ਼ਾ ਸੁਣਾਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਦੀ ਇੱਕ ਅਦਾਲਤ ਨੇ ਇੱਕ ਸਾਬਕਾ ਬੈਂਕਰ ਨੂੰ 15.1 ਕਰੋੜ ਡਾਲਰ ਦੀ ਰਿਸ਼ਵਤ ਲੈਣ ਦੇ ਦੋਸ਼ ’ਚ ਮੌਤ ਦੀ ਸਜ਼ਾ ਸੁਣਾਈ ਹੈ। ਚੀਨ ਦੀ ਸਰਕਾਰੀ ਸਮਾਚਾਰ ਏਜੰਸੀ ਸ਼ਿਨਹੂਆ ਅਨੁਸਾਰ ਚੀਨ ਹੁਆਰੋਂਗ ਇੰਟਰਨੈਸ਼ਨਲ ਹੋਲਡਿੰਗਜ਼ (ਸੀ ਆਈ ਐਚ) ਦੇ ਸਾਬਕਾ ਜਨਰਲ ਮੈਨੇਜਰ ਬਾਈ ਤਿਆਨਹੁਈ ਨੂੰ ਤਿਆਨਜਿਨ ਦੀ ਇੱਕ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ। ਤਿਆਨਜਿਨ ਦੀ ਇੱਕ ਅਦਾਲਤ ਨੇ ਫੈਸਲਾ ਸੁਣਾਇਆ ਕਿ ਉਨ੍ਹਾਂ ਦੇ ਜੀਵਨ ਭਰ ਦੇ ਸਿਆਸੀ ਅਧਿਕਾਰ ਵੀ ਖੋਹ ਲਏ ਗਏ ਹਨ ਅਤੇ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਦਿਤੀ ਗਈ ਹੈ। ਉਨ੍ਹਾਂ ਦੀ ਗੈਰ-ਕਾਨੂੰਨੀ ਆਮਦਨ ਦੀ ਵਸੂਲੀ ਕੀਤੀ ਜਾਵੇਗੀ ਅਤੇ ਸਰਕਾਰੀ ਖਜ਼ਾਨੇ ’ਚ ਜਮ੍ਹਾਂ ਕਰਵਾਈ ਜਾਵੇਗੀ। ਵਰਨਣਯੋਗ ਹੈ ਕਿ ਸਾਲ 2012 ’ਚ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸੱਤਾ ’ਚ ਆਉਣ ਤੋਂ ਬਾਅਦ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਹਿੱਸੇ ਵੱਜੋਂ ਕਈ ਚੀਨੀ ਅਧਿਕਾਰੀਆਂ ਨੂੰ ਸਜ਼ਾ ਸੁਣਾਈ ਗਈ ਹੈ ਪਰ ਮੌਤ ਦੀ ਸਜ਼ਾ ਬਹੁਤ ਘੱਟ ਦਿਤੀ ਗਈ ਹੈ ਕਿਉਂਕਿ ਉਨ੍ਹਾਂ ’ਚੋਂ ਜ਼ਿਆਦਾਤਰ ਨੇ ਅਪਣਾ ਦੋਸ਼ ਕਬੂਲ ਕਰ ਲਿਆ ਹੈ ਅਤੇ ਇਸ ਦੀ ਲਈ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੀ ਬਜਾਏ ਲੰਬੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਬਾਈ ਦੂਜੀ ਚੀਨੀ ਅਧਿਕਾਰੀ ਹੈ ਜਿਸ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ’ਚ ਮੌਤ ਦੀ ਸਜ਼ਾ ਸੁਣਾਈ ਗਈ।






# ਕੈਲਗਰੀ ਵਿਚ ਨੌਕਰੀਆਂ ਦਾ ਮੇਲਾ 13 ਜੂਨ ਨੂੰ ਲੱਗੇਗਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਕਨੇਡਾ ਭਰ ਅੰਦਰ ਬੇਰੁਜਗਾਰੀ ਦੇ ਦੈਂਤ ਨੇ ਤਬਾਹੀ ਮਚਾਈ ਹੋਈ ਹੈ ਪਰ ਫਿਰ ਵੀ ਬਹੁਤ ਸਾਰੀਆਂ ਅਜਿਹੀਆਂ ਰੁਜਗਾਰ ਦੇਣ ਵਾਲੀਆਂ ਕੰਪਨੀਆਂ ਹਨ ਜੋ ਕੰਮ ਕਰਨ ਵਾਲਿਆਂ ਨੂੰ ਖੁਦ ਆਵਾਜਾਂ ਮਾਰਦੀਆਂ ਹਨ ਕਿ ਆ ਜਾਓ ਤੁਹਾਨੂੰ ਨੌਕਰੀਆਂ ਦੇ ਦੇਈਏ। ਅਜਿਹੇ ਹੀ ਇੱਕ ਨੌਕਰੀਆਂ ਦੇ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਵਿਪੁਲ ਪਟੇਲ ਨੇ ਦੱਸਿਆ ਕਿ 13 ਜੂਨ 2024 ਵਾਲੇ ਦਿਨ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਦਿਨ ਦੇ 11 ਵਜੇ ਤੋਂ ਲੈਕੇ 2 ਵਜੇ ਤੱਕ ਇੱਕ ਮੇਲਾ ਲਗਾਇਆ ਜਾ ਰਿਹਾ ਹੈ । ਇਸ ਮੇਲੇ ਵਿੱਚ ਬਹੁਤ ਸਾਰੇ ਰੁਜਗਾਰਦਾਤਾ ਆਪੋ ਆਪਣੇ ਬੂਥ ਲਗਾਉਣਗੇ ਜਿੱਥੇ ਤੁਸੀਂ ਆਪਣੇ ਭਵਿੱਖ ਨੂੰ ਸੁਨਿਹਰਾ ਬਣਾਉਣ ਲਈ ਜੌਬ ਅਪਲਾਈ ਕਰ ਸਕੋਗੇ। ਆਇਲ ਐਂਡ ਗੈਸ ,ਇੰਜੀਨੀਅਰਿੰਗ ,ਟੈਕਨੋਲੋਜੀ,ਪਬਲਿਕ ਐਂਡ ਪਰਾਈਵੇਟ, ਰੀਟੇਲ,ਸੇਲਜ, ਮਾਰਕੀਟਿੰਗ, ਟੈਲੀਕਾਮ, ਟਰਾਂਸਪੋਰਟੇਸਨ, ਸਟਾਰਟਅੱਪ ਅਤੇ ਹੋਰ ਬਹੁਤ ਸਾਰੇ ਖੇਤਰਾਂ ਦੇ ਦਰਵਾਜੇ ਤੁਹਾਡੇ ਲਈ ਖੁੱਲੇ ਹੋਣਗੇ। ਇੱਕ ਛੱਤ ਹੇਠਾਂ ਹੀ ਲੱਗਪੱਗ 2000 ਤੋਂ ਵੱਧ ਨੌਕਰੀਆਂ ਸਬੰਧੀ ਅਪਲਾਈ ਕਰਨ ਦਾ ਸਬੱਬ ਬਣੇਗਾ। ਵਧੇਰੇ ਜਾਣਕਾਰੀ ਲਈ ਵਿਪੁਲ ਪਟੇਲ ਨਾਲ 1403 207 0273 ਜਾਂ 1587 229 9888 ਉੱਪਰ ਸੰਪਰਕ ਕਰ ਸਕਦੇ ਹੋ।




# ਬਰੈਂਪਟਨ ਦੇ ਤਿੰਨ ਪੰਜਾਬੀ ਚੋਰੀ ਦੇ ਕ੍ਰੈਡਿਟ ਕਾਰਡਾਂ , ਪਛਾਣ ਪੱਤਰਾਂ ਅਤੇ ਡਰਗਜ਼ ਸਮੇਤ ਗ੍ਰਿਫ਼ਤਾਰ ਕੀਤੇ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬਰੈਂਪਟਨ ਦੇ ਰਹਿਣ ਵਾਲੇ ਤਿੰਨ ਪੰਜਾਬੀਆਂ ਨੂੰ ਚੋਰੀ ਦੇ 60 ਕ੍ਰੈਡਿਟ ਕਾਰਡਾਂ ਵੀ ਪਛਾਣ ਪੱਤਰਾਂ ਜਿਵੇਂ ਡਰਾਈਵਿੰਗ ਲਾਇਸੰਸ ਅਤੇ ਹੈਲਥ ਕਾਰਡ ਅਤੇ ਗੈਰ ਕਾਨੂੰਨੀ ਡਰੱਗਸ ਰੱਖਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਹਨਾਂ ਉੱਪਰ 292 ਚਾਰਜਜ ਲਗਾਏ ਗਏ ਹਨ। ਮਿਸੀਸਾਗਾ ਦੀ ਓਂਟੈਰੀਓ ਪ੍ਰੋਵਿੰਸ਼ਅਲ ਪੁਲਿਸ ਨੇ ਜਾਣਕਾਰੀ ਦੱਸਿਆ ਕਿ ਉਹਨਾਂ ਵੱਲੋਂ ਡਿਕਸੀ ਰੋਡ ਅਤੇ ਕੁਈਨ ਸਟ੍ਰੀਟ ਈਸਟ ਉੱਪਰ ਰਾਤ ਨੂੰ ਸਾਢੇ 9 ਵਜੇ ਦੇ ਕਰੀਬ ਨਾਕਾ ਲਗਾਇਆ ਗਿਆ ਸੀ ਅਤੇ ਇਸ ਦੌਰਾਨ ਉਹਨਾਂ ਵੱਲੋਂ ਇੱਕ ਗੱਡੀ ਨੂੰ ਰੋਕਿਆ ਗਿਆ। ਇਸ ਗੱਡੀ ਦੀ ਤਲਾਸ਼ੀ ਲੈਣ ਤੇ ਗੱਡੀ ਚ ਸਵਾਰ ਤਿੰਨ ਜਣੇ ਜੋ ਕਿ ਸਾਰੇ ਹੀ ਬਰੈਂਪਟਨ ਦੇ ਰਹਿਣ ਵਾਲੇ ਸਨ, ਕੋਲੋਂ ਚੋਰੀ ਦੇ ਕ੍ਰੈਡਿਟ ਕਾਰਡ, ਪਛਾਣ ਪੱਤਰ, ਡਰੱਗਸ ਜਿਨਾਂ ਵਿੱਚ ਹਿਰੋਇਨ ਅਤੇ ਮੈਥ ਸ਼ਾਮਿਲ ਹੈ ਬਰਾਮਦ ਕੀਤੇ ਗਏ। ਫੜੇ ਗਏ ਤਿੰਨਾਂ ਜਣਿਆਂ ਦੀ ਪਹਿਚਾਣ 25 ਸਾਲਾ ਵਿਸ਼ਾਲ ਦੀਪ ਸਿੰਘ, 25 ਸਾਲਾਂ ਦੇ ਜਸਕਰਨ ਸਿੰਘ ਅਤੇ 24 ਸਾਲਾ ਸੁਖਜਿੰਦਰ ਸਿੰਘ ਵੱਜੋਂ ਹੋਈ ਹੈ। ਇਹਨਾਂ ਤਿੰਨਾਂ ਜਣਿਆਂ ਨੂੰ ਹੁਣ 11 ਜੁਲਾਈ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਚੋਰੀ ਕੀਤੇ ਗਏ ਕ੍ਰੈਡਿਟ ਕਾਰਡਾਂ ਨੂੰ ਉਹਨਾਂ ਦੇ ਮਾਲਕਾਂ ਤੱਕ ਪਹੁੰਚਾਇਆ ਜਾਵੇਗਾ। ਪੁਲਿਸ ਨੇ ਆਖਿਆ ਹੈ ਕਿ ਜੇਕਰ ਕਿਸੇ ਦਾ ਵੀ ਕੋਈ ਡਰਾਈਵਿੰਗ ਲਾਈਸੈਂਸ, ਹੈਲਥ ਕਾਰਡ ਕ੍ਰੈਡਿਟ ਕਾਰਡ ਜਾਂ ਡੈਬਿਟ ਕਾਰਡ ਪੀਲ ਰੀਜਨ ਖੇਤਰ ਵਿੱਚ ਚੋਰੀ ਹੋਇਆ ਹੈ ਤਾਂ ਮਿਸੀਸਾਗਾ ਓਪੀਪੀ ਨਾਲ ਨੰਬਰ 905-858-8670 ਤੇ ਸੰਪਰਕ ਕੀਤਾ ਜਾਵੇ।

# ਉਡਾਣਾਂ ’ਚ ਦੇਰੀ ਲਈ ਏਅਰ ਇੰਡੀਆ ਨੂੰ ਕਾਰਨ ਦੱਸੋ ਨੋਟਿਸ ਜਾਰੀ ਹੋਇਆ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਦੇ ਹਵਾਬਾਜ਼ੀ ਖੇਤਰ ਦੇ ਰੈਗੂਲੇਟਰ ਡੀਜੀਸੀਏ ਨੇ ਏਅਰ ਇੰਡੀਆ ਨੂੰ ਦੋ ਅੰਤਰਰਾਸ਼ਟਰੀ ਉਡਾਣਾਂ ਵਿੱਚ ਬਹੁਤ ਜ਼ਿਆਦਾ ਦੇਰ ਅਤੇ ਯਾਤਰੀਆਂ ਦੀ ਢੁਕਵੀਂ ਦੇਖਭਾਲ ਕਰਨ ਵਿੱਚ ਅਸਫ਼ਲ ਰਹਿਣ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ ਵਿੱਚ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀਜੀਸੀਏ) ਨੇ 30 ਮਈ ਨੂੰ ਦਿੱਲੀ ਤੋਂ ਸੈਨ ਫਰਾਂਸਿਸਕੋ ਜਾਣ ਵਾਲੀ ਫਲਾਈਟ ਏਆਈ 183 ਅਤੇ 24 ਮਈ ਨੂੰ ਮੁੰਬਈ ਤੋਂ ਸੈਨ ਫਰਾਂਸਿਸਕੋ ਜਾਣ ਵਾਲੀ ਫਲਾਈਟ ਏਆਈ 179 ਦੇ ਸੰਚਾਲਨ ਵਿੱਚ ਬੇਲੋੜੀ ਦੇਰੀ ਦਾ ਹਵਾਲਾ ਦਿੰਦੇ ਹੋਏ ਜਵਾਬ ਮੰਗਿਆ ਹੈ।ਵਰਨਣਯੋਗ ਹੈ ਕਿ ਵੀਰਵਾਰ ਨੂੰ ਦਿੱਲੀ ਏਅਰਪੋਰਟ ‘ਤੇ ਯਾਤਰੀਆਂ ਦੇ ਸਵਾਰ ਹੋਣ ਤੋਂ ਬਾਅਦ ਏਅਰ ਇੰਡੀਆ ਦੀ ਇੱਕ ਫਲਾਈਟ 8 ਘੰਟੇ ਲੇਟ ਹੋ ਗਈ। ਯਾਤਰੀਆਂ ਨੇ ਦਾਅਵਾ ਕੀਤਾ ਕਿ ਇਸ ਦੌਰਾਨ ਫਲਾਈਟ ਦਾ ਏਸੀ ਬੰਦ ਸੀ, ਜਿਸ ਕਾਰਨ ਕਈ ਲੋਕ ਬੇਹੋਸ਼ ਹੋ ਗਏ। ਜਦੋਂ ਉਨ੍ਹਾਂ ਨੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਤਾਂ ਸਾਰਿਆਂ ਨੂੰ ਬਾਹਰ ਕੱਢ ਦਿੱਤਾ ਗਿਆ। ਕਈ ਯਾਤਰੀਆਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਏਅਰ ਇੰਡੀਆ ਨੂੰ ਟੈਗ ਕਰਕੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ।ਏਅਰ ਇੰਡੀਆ ਨੇ ਐਕਸ ‘ਤੇ ਲੋਕਾਂ ਦੀਆਂ ਪੋਸਟਾਂ ਦਾ ਜਵਾਬ ਦਿੱਤਾ ਹੈ ਅਤੇ ਅਸੁਵਿਧਾ ਲਈ ਮੁਆਫੀ ਮੰਗੀ ਹੈ।










# ਸਟੂਡੈਂਟਾਂ ਦੇ ਜਾਅਲੀ ਵੀਜ਼ੇ ਲਗਵਾਉਣ ਵਾਲੇ ਮਿਸ਼ਰਾ ਨੂੰ ਤਿੰਨ ਸਾਲ ਦੀ ਕੈਦ ਬੋਲ ਗਈ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਕਾਲਜਾਂ ਦੇ ਜਾਅਲੀ ਦਸਤਾਵੇਜ਼ਾਂ 'ਤੇ ਸਟੱਡੀ ਵੀਜ਼ੇ ਲਗਵਾ ਕੇ 700 ਵਿਦਿਆਰਥੀਆਂ ਨੂੰ ਕੈਨੇਡਾ ਭੇਜਣ ਵਾਲੇ ਜਲੰਧਰ ਦੇ ਧੋਖੇਬਾਜ਼ ਟਰੈਵਲ ਏਜੰਸਟ ਬ੍ਰਿਜੇਸ਼ ਮਿਸ਼ਰਾ ਨੂੰ ਵੈਨਕੂਵਰ ਦੀ ਅਦਾਲਤ ਵਿੱਚ ਇਮੀਗ੍ਰੇਸ਼ਨ ਅਪਰਾਧਾਂ ਲਈ ਦੋਸ਼ੀ ਕਰਾਰ ਦਿੰਦਿਆਂ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। 37 ਸਾਲਾ ਬ੍ਰਿਜੇਸ਼ ਮਿਸ਼ਰਾ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੀ ਜਾਂਚ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ 2016 ਅਤੇ 2020 ਦੇ ਵਿੱਚਕਾਰ ਭਾਰਤੀ ਵਿਦਿਆਰਥੀਆਂ ਨੂੰ ਜਾਅਲੀ ਦਸਤਾਵੇਜ਼ ਲਗਾ ਕੇ ਕੈਨੇਡਾ ਭੇਜਿਆ ਸੀ। ਇਸ ਵਿੱਚ ਬਹੁਗਿਣਤੀ ਪੰਜਾਬੀਆਂ ਦੀ ਹੈ। ਮਿਸ਼ਰਾ ਨੇ ਵੈਨਕੂਵਰ ਅਦਾਲਤ ਵਿੱਚ ਕੈਨੇਡੀਅਨ ਇਮੀਗ੍ਰੇਸ਼ਨ ਦੇ ਕਈ ਅਪਰਾਧਾਂ ਲਈ ਮੁਆਫੀ ਮੰਗੀ। ਮਿਸ਼ਰਾ ਨੂੰ ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੀ ਹਿਰਾਸਤ ਦੇ ਸਮੇਂ ਨੂੰ ਸਜ਼ਾ ਗਿਣਿਆ ਜਾਵੇਗਾ ਤੇ ਇਸ ਤਰ੍ਹਾਂ ਉਸ ਨੂੰ 19 ਮਹੀਨੇ ਹੋਰ ਜੇਲ੍ਹ 'ਚ ਰਹਿਣਾ ਪਵੇਗਾ। ਉਹ ਟੂਰਿਸਟ ਵੀਜ਼ੇ 'ਤੇ ਕੈਨੇਡਾ ਵਿੱਚ ਦਾਖਲ ਹੋਇਆ ਸੀ, ਜਿਸ ਦੀ ਮਿਆਦ ਉਸ ਦੀ ਗ੍ਰਿਫਤਾਰੀ ਦੇ ਸਮੇਂ ਖਤਮ ਹੋ ਚੁੱਕੀ ਸੀ। ਜਾਂਚ ਦੌਰਾਨ 12 ਪੀੜਤ ਸਾਹਮਣੇ ਆਏ ਹਨ। ਕੈਨੇਡਾ ਵਿੱਚ ਆਪਣੀ ਸਜ਼ਾ ਭੁਗਤਣ ਤੋਂ ਬਾਅਦ ਮਿਸ਼ਰਾ ਨੂੰ ਭਾਰਤ ਭੇਜੇ ਜਾਣ ਦੀ ਉਮੀਦ ਹੈ ਜਿੱਥੇ ਉਸ ਨੂੰ ਮਨੁੱਖੀ ਤਸਕਰੀ ਦੇ ਅਪਰਾਧ ਸਮੇਤ ਹੋਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਦਾਲਤ ਵਿੱਚ ਕੋਈ ਵੀ ਪੀੜਤ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਨਹੀਂ ਸਨ।

# ਦਿਨ ਦਿਹਾੜੇ ਡਾਕਾ ਮਾਰਨ ਵਾਲੇ ਦੋ ਲੁਟੇਰਿਆਂ ਦੀ ਪੁਲਿਸ ਨੂੰ ਭਾਲ ਹੈ




ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 24 ਮਈ ਨੂੰ ਸਰੀ ਦੇ ਇੱਕ ਵਪਾਰਕ ਅਦਾਰੇ ਵਿੱਚ ਬੰਦੂਕ ਦੀ ਨੋਕ ਤੇ ਲੁੱਟਾਂ ਖੋਹਾਂ ਕਰਨ ਵਾਲੇ ਦੋ ਜਣਿਆਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਸਰੀ ਆਰਸੀਐਮਪੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 92 ਐਵੀਨਿਊ ਦੇ ਨਜ਼ਦੀਕ 120 ਸਟਰੀਟ ਦੇ ਉੱਪਰ ਸਥਿਤ ਬਿਜਨਸ ਵਿੱਚ ਦੋ ਵਿਅਕਤੀ ਦਾਖਲ ਹੋਏ ਅਤੇ ਇੱਕ ਕਰਮਚਾਰੀ ਕੋਲੋਂ ਬੰਦੂਕ ਦੀ ਨੋਕ ਤੇ ਮੋਬਾਈਲ ਫੋਨ ਖੋਹ ਕੇ ਫਰਾਰ ਹੋ ਗਏ। ਆਰਸੀਐਮਪੀ ਵੱਲੋਂ ਇਸ ਮਾਮਲੇ ਚ ਦੋ ਜਣੇ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਜਨਤਾ ਕੋਲੋਂ ਸਹਿਯੋਗ ਮੰਗਿਆ ਜਾ ਰਿਹਾ ਹੈ। ਕਿਸੇ ਨੂੰ ਵੀ ਇਹਨਾਂ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ। ਪੁਲਿਸ ਅਨੁਸਾਰ ਇੱਕ ਵਿਅਕਤੀ ਜਿਸ ਨੇ ਕਾਲੀ ਹੁਡੀ ਪਾਈ ਹੋਈ ਹੈ ਉਸਦਾ ਕੱਦ ਛੇ ਫੁੱਟ ਦੇ ਕਰੀਬ ਹੈ ਅਤੇ ਦੂਜਾ ਸ਼ੱਕੀ ਜਿਸ ਨੇ ਸਲੇਟੀ ਰੰਗ ਦੀ ਨਾਇਕ ਦੀ ਹੁਡੀ ਪਾਈ ਹੋਈ ਹੈ ਉਸ ਦਾ ਕੱਦ ਪੰਜ ਫੁੱਟ 11 ਇੰਚ ਦੇ ਕਰੀਬ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ ਸ਼ੱਕੀ ਡਾਰਕ ਗਰੇ ਰੰਗ ਦੀ ਡੋਜ ਚਾਰਜਰ ਉੱਪਰ ਫਰਾਰ ਹੋਏ, ਜਿਸ ਦਾ ਬੀਸੀ ਨੰਬਰ ਐਨ ਪੀ 5798 ਹੈ। ਪੁਲਿਸ ਨੇ ਆਖਿਆ ਹੈ ਕਿ ਜੇਕਰ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਦੇ ਨੰਬਰ 604-599-0502 ਉੱਪਰ ਸੰਪਰਕ ਕੀਤਾ ਜਾਵੇ।

# ਰਿਸ਼ੀ ਸੁਨਕ ਨੇ ਬਰਤਾਨੀਆਂ ਦੀ ਸੰਸਦ ਭੰਗ ਕੀਤੀ



ਲੰਡਨ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਬਰਤਾਨੀਆ ਦੀ ਸੰਸਦ ਭੰਗ ਕਰ ਦਿੱਤੀ ਹੈ। ਇਸ ਨਾਲ ਬ੍ਰਿਟੇਨ ਦੀ ਸੰਸਦ 'ਚ 650 ਸੰਸਦ ਮੈਂਬਰਾਂ ਦੀਆਂ ਸੀਟਾਂ ਇੱਕ ਝਟਕੇ 'ਚ ਖਾਲ੍ਹੀ ਹੋ ਗਈਆਂ ਹਨ। ਹਾਲਾਂਕਿ ਬ੍ਰਿਟੇਨ ਦੀ ਮੌਜੂਦਾ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਦਾ ਕਾਰਜਕਾਲ ਦਸੰਬਰ 'ਚ ਪੂਰਾ ਹੋਣਾ ਹੈ। ਬ੍ਰਿਟਿਸ਼ ਨਿਯਮਾਂ ਮੁਤਾਬਕ ਇੱਥੇ 28 ਜਨਵਰੀ 2025 ਤੋਂ ਪਹਿਲਾਂ ਅਤੇ 17 ਦਸੰਬਰ ਤੋਂ ਬਾਅਦ ਚੋਣਾਂ ਹੋਣੀਆਂ ਸਨ। ਪਰ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਛੇ ਮਹੀਨੇ ਪਹਿਲਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਸਦ ਨੂੰ ਭੰਗ ਕਰ ਦਿੱਤਾ ਹੈ। ਅਜਿਹੇ 'ਚ ਹੁਣ ਬ੍ਰਿਟੇਨ 'ਚ 4 ਜੁਲਾਈ ਨੂੰ ਚੋਣਾਂ ਹੋਣੀਆਂ ਹਨ। ਹੁਣ 4 ਜੁਲਾਈ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਬਰਤਾਨਵੀ ਸੰਸਦ ਭੰਗ ਹੋਣ ਤੋਂ ਬਾਅਦ ਚੋਣ ਪ੍ਰਚਾਰ ਲਈ ਕਰੀਬ 5 ਹਫ਼ਤੇ ਬਚੇ ਹਨ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ 14 ਸਾਲਾਂ ਦੇ ਰਾਜ ਤੋਂ ਬਾਅਦ ਇਸ ਵਾਰ ਵੱਖ-ਵੱਖ ਸਰਵੇਖਣਾਂ ਵਿੱਚ ਲੇਬਰ ਪਾਰਟੀ ਦੇ ਸੱਤਾ ਵਿੱਚ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਦੇ ਨਾਲ ਹੀ ਪੰਜ ਹਫ਼ਤਿਆਂ ਦੀ ਚੋਣ ਮੁਹਿੰਮ ਵੀ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਈ ਹੈ।

# ਅਮਰੀਕਾ ਅਤੇ ਬਰਤਾਨੀਆ ਵੱਲੋਂ ਹੂਤੀ ਬਾਗ਼ੀਆਂ ਦੇ ਟਿਕਾਣਿਆਂ 'ਤੇ ਹਮਲੇ ਤੇਜ ਕੀਤੇ

ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਅਤੇ ਬਰਤਾਨੀਆਂ ਨੇ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚ ਵਪਾਰਕ ਜਹਾਜ਼ਾਂ 'ਤੇ ਹੂਤੀ ਹਮਲਿਆਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਦੇ ਜਵਾਬ ਵਿੱਚ ਯਮਨ ਵਿੱਚ ਈਰਾਨ ਸਮਰਥਿਤ ਵਿਦਰੋਹੀ ਸਮੂਹ ਦੇ 13 ਟਿਕਾਣਿਆਂ 'ਤੇ ਹਮਲਾ ਕੀਤਾ। ਤਿੰਨ ਅਮਰੀਕੀ ਅਧਿਕਾਰੀਆਂ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਅਮਰੀਕਾ ਅਤੇ ਬਰਤਾਨੀਆਂ ਦੇ ਜੰਗੀ ਜਹਾਜ਼ਾਂ ਅਤੇ ਅਮਰੀਕੀ ਜਹਾਜ਼ਾਂ ਨੇ ਕਈ ਜ਼ਮੀਨਦੋਜ਼ ਟਿਕਾਣਿਆਂ, ਮਿਜ਼ਾਈਲ ਲਾਂਚ ਸਾਈਟਾਂ, ਹੂਤੀ ਵਿਦਰੋਹੀਆਂ ਦੇ ਕਬਜ਼ੇ ਵਾਲੀ ਥਾਂ, ਇੱਕ ਹੂਤੀ ਜਹਾਜ਼ ਅਤੇ ਹੋਰ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। 12 ਜਨਵਰੀ ਤੋਂ ਬਾਅਦ ਇਹ ਪੰਜਵੀਂ ਵਾਰ ਹੈ ਜਦੋਂ ਅਮਰੀਕਾ ਅਤੇ ਬਰਤਾਨੀਆਂ ਦੀਆਂ ਫੌਜਾਂ ਨੇ ਹੂਤੀ ਵਿਰੁੱਧ ਸਾਂਝੀ ਮੁਹਿੰਮ ਚਲਾਈ ਹੈ।ਹੂਤੀ ਨੇ ਇਨ੍ਹਾਂ ਹਮਲਿਆਂ 'ਚ 16 ਜਣਿਆਂ ਦੇ ਮਾਰੇ ਜਾਣ ਦਾ ਦਾਅਵਾ ਕੀਤਾ ਹੈ। ਦੱਸ ਦੇਈਏ ਕਿ ਹੂਤੀ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਲਾਲ ਸਾਗਰ ਅਤੇ ਅਦਨ ਦੀ ਖਾੜੀ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲੇ ਤੇਜ਼ ਕਰ ਦਿਤੇ ਹਨ। ਬਾਗ਼ੀ ਇਜ਼ਰਾਈਲ ਤੋਂ ਗਾਜ਼ਾ ਵਿੱਚ ਜੰਗ ਖਤਮ ਕਰਨ ਦੀ ਮੰਗ ਕਰ ਰਹੇ ਹਨ, ਜਿਸ ਵਿੱਚ 36,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ।

# ਭਾਰਤ ਦੇ ਸ਼ਾਂਤੀਦੂਤਾਂ ਨੇ ਦੁਨੀਆਂ ਦੇ ਕਮਜ਼ੋਰ ਭਾਈਚਾਰਿਆਂ ਦੀ ਰੱਖਿਆ ਲਈ ਸਮੇਂ-ਸਮੇਂ 'ਤੇ ਅਟੁੱਟ ਸਾਹਸ ਦਿਖਾਇਆ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਨੇ ਕਿਹਾ ਕਿ ਵਿਸ਼ਵ ਸ਼ਾਂਤੀ ਤੇ ਸੁਰੱਖਿਆ ਵਿੱਚ ਦੇਸ਼ ਦਾ ਯੋਗਦਾਨ ਬੇਮਿਸਾਲ ਰਿਹਾ ਹੈ। ਸੰਯੁਕਤ ਰਾਸ਼ਟਰ ਸ਼ਾਂਤੀਦੂਤਾਂ ਦੇ ਕੌਮਾਂਤਰੀ ਦਿਵਸ ਮੌਕੇ ਉਨ੍ਹਾਂ ਕਿਹਾ ਕਿ ਭਾਰਤ ਦੇ ਸ਼ਾਂਤੀਦੂਤਾਂ ਨੇ ਦੁਨੀਆਂ ਦੇ ਕਮਜ਼ੋਰ ਭਾਈਚਾਰਿਆਂ ਦੀ ਰੱਖਿਆ ਲਈ ਸਮੇਂ-ਸਮੇਂ 'ਤੇ ਅਟੁੱਟ ਸਾਹਸ ਦਿਖਾਇਆ ਹੈ। ਕੰਬੋਜ ਨੇ ਉਨ੍ਹਾਂ ਲੋਕਾਂ ਨੂੰ ਯਾਦ ਕੀਤਾ ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਸ਼ਾਂਤੀ ਫੌਜ ਦੇ ਹਿੱਸੇ ਵਜੋਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਅਤੇ ਕਿਹਾ ਕਿ ਉਨ੍ਹਾਂ ਨੇ ਸ਼ਾਂਤੀ ਖਾਤਰ 'ਨੀਲੇ ਝੰਡੇ ਹੇਠ ਬੇਮਿਸਾਲ ਕੁਰਬਾਨੀਆਂ' ਦਿੱਤੀਆਂ ਹਨ। ਸੀਨੀਅਰ ਕੂਟਨੀਤਕ ਨੇ 'ਐਕਸ' 'ਤੇ ਸਾਂਝੀ ਕੀਤੀ ਵੀਡੀਓ ਵਿੱਚ ਕਿਹਾ, "ਅੱਜ ਸੰਯੁਕਤ ਰਾਸ਼ਟਰ ਸ਼ਾਂਤੀਦੂਤਾਂ ਦੇ ਕੌਮਾਂਤਰੀ ਦਿਵਸ ਮੌਕੇ ਅਸੀਂ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਵਿੱਚ ਭਾਰਤ ਦੇ ਬੇਮਿਸਾਲ ਯੋਗਦਾਨ ਦਾ ਸਨਮਾਨ ਕਰਨ ਲਈ ਇੱਕੱਠੇ ਹੋਏ ਹਾਂ। ਸਾਡੇ ਬਹਾਦਰ ਸ਼ਾਂਤੀਦੂਤਾਂ ਨੇ ਦੁਨੀਆਂ ਦੇ ਕਮਜ਼ੋਰ ਭਾਈਚਾਰਿਆਂ ਦੀ ਰੱਖਿਆ ਲਈ ਅਟੁੱਟ ਸਾਹਸ, ਦ੍ਰਿੜ੍ਹ ਸਮਰਪਣ ਅਤੇ ਅਡੋਲ ਪ੍ਰਤੀਬੱਧਤਾ ਦਿਖਾਈ ਹੈ।" ਉਨ੍ਹਾਂ ਕਾਂਗੋ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ ਤਹਿਤ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਭਾਰਤੀ ਮਹਿਲਾ ਸ਼ਾਂਤੀਦੂਤ ਮੇਜਰ ਰਾਧਿਕਾ ਸੇਨ ਨੂੰ 'ਯੂਐੱਨ ਜੈਂਡਰ ਮਿਲਟਰੀ ਐਡਵੋਕੇਟ ਐਵਾਰਡ' ਨਾਲ ਸਨਮਾਨੇ ਜਾਣ 'ਤੇ ਵੀ ਖ਼ੁਸ਼ੀ ਪ੍ਰਗਟ ਕੀਤੀ



















## ਸਮਾਜਿਕ ਵਿਸ਼ਿਆਂ ਦਾ ਉਲੇਖ ---------

# 'ਖੂਹ ਦੀਆਂ ਟਿੰਡਾਂ' ਮਿੰਨੀ ਕਹਾਣੀ ਸੰਗ੍ਰਿਹ

ਖੂਹ ਦੀਆਂ ਟਿੰਡਾਂ -- ਲੇਖਕ - ਰੁਪਿੰਦਰ ਥਰਾਜ (ਕੈਨੇਡਾ)
ਪੁਸਤਕ ਪੜਚੋਲ --- ਗੁਰਚਰਨ ਕੌਰ ਥਿੰਦ

ਖੂਹ ਦੀਆਂ ਟਿੰਡਾਂ' ਰੁਪਿੰਦਰ ਥਰਾਜ (ਕੈਨੇਡਾ) ਦਾ ਪਲੇਠਾ ਕਹਾਣੀ ਸੰਗ੍ਰਿਹ ਹੈ। ਇਸ ਵਿੱਚ ਕੁੱਲ 17 ਕਹਾਣੀਆਂ ਹਨ ਜਿਨ੍ਹਾਂ ਵਿਚੋਂ ਪਹਿਲੀਆਂ ਕੁੱਝ ਮਿੰਨੀ ਕਹਾਣੀਆਂ ਹਨ ਅਤੇ ਜਿਉਂ ਜਿਉਂ ਕਿਤਾਬ ਦੇ ਅਗਲੇਰੇ ਪੰਨਿਆਂ ਵੱਲ ਵਧਦੇ ਹਾਂ ਤਾਂ ਮਿੰਨੀ ਦੀ ਥਾਂ ਛੋਟੀ ਕਹਾਣੀ ਪੜ੍ਹਨ ਨੂੰ ਮਿਲਦੀ ਹੈ।ਇਹ ਪ੍ਰਕਰਣ ਲੇਖਕ ਦੀਆਂ ਕਹਾਣੀਆਂ ਦਾ ਲੰਮੀ ਕਹਾਣੀ ਵੱਲ ਵਿਕਾਸ ਦਰਸਾਉਂਦਾ ਲਗਦਾ ਹੈ।

ਸਰਲ ਤੇ ਸਾਦੀ ਭਾਸ਼ਾ ਵਿੱਚ ਲਿਖੀਆਂ ਇਹ ਬਾਤਾਂ ਵਰਗੀਆਂ ਕਹਾਣੀਆਂ ਦਾ ਵਿਸ਼ਾ ਮੁੱਖ ਤੌਰ ਤੇ ਸਮਾਜਿਕ ਰਿਸ਼ਤਿਆਂ ਦੀ ਮਿਠਾਸ, ਰਿਸ਼ਤਿਆਂ ਦੇ ਨਿਭਾਅ, ਰਿਸ਼ਤਿਆਂ ਵਿਚਲੀ ਤਸੱਲੀ ਤੇ ਤਲਖ਼ੀ ਅਤੇ ਨਿੱਘ ਤੇ ਪਸਰ ਰਹੀਆਂ ਦੂਰੀਆਂ ਵਰਗੇ ਭਿੰਨ ਭਿੰਨ ਰੂਪਾਂ ਨੂੰ ਉਜਾਗਰ ਕਰਦਾ ਹੈ। ਆਪਣੀ ਜੰਮਣ-ਭੋਂ ਨੂੰ ਛੱਡ ਵਿਦੇਸ਼ ਜਾ ਵੱਸਣਾ ਵੱਖ ਵੱਖ ਸਮਿਆਂ ਤੇ ਮਨੁੱਖ ਦੀ ਲੋੜ, ਰੀਝ ਜਾਂ ਹਾਲਾਤਾਂ ਦੀ ਮਜ਼ਬੂਰੀ ਬਣ ਮਨੁੱਖ ਨੂੰ ਆਪਣੀਆਂ ਜੜ੍ਹਾਂ ਤੋਂ ਉਖਾੜ ਪਰਦੇਸਾਂ ਦਾ ਬਸ਼ਿੰਦਾਂ ਬਣਾਉਂਦਾ ਰਿਹਾ ਹੈ। ਫਿਰ ਉਸ ਵਿਦੇਸ਼ੀ ਧਰਤੀ ਤੇ ਆਪਣੀ ਮਿੱਟੀ ਦੀ ਖ਼ੁਸ਼ਬੂ ਤੇ ਆਪਣਿਆਂ ਦੇ ਨਿੱਘ ਦਾ ਤਰਸੇਵਾਂ ਕਲੇਜੇ ਨੂੰ ਧੂਅ ਪਾਉਂਦਾ ਹੈ ਤਾਂ ਲੰਮੇ ਅੰਤਰਾਲ ਬਾਦ ਦੇਸ਼ ਅਤੇ ਘਰ ਵਾਪਸੀ ਵੇਲੇ ਆਪਣਿਆਂ ਵਲੋਂ ਦਰਪੇਸ਼ ਬੇਗਾਨਗੀ ਅਤੇ ਅਜਨਬੀਅਤ ਉਸ ਆਪਣੀ ਆਖੀ ਤੇ ਸਮਝੀ ਜਾਣ ਵਾਲੀ ਥਾਂ ਤੇ ਜੋ ਗੁਜ਼ਰਦੀ ਹੈ, ਉਹ ਉਹੋ ਬੰਦਾ ਹੀ ਜਾਣਦਾ ਹੈ ਜੋ ਕਈ ਦਹਾਕਿਆਂ ਬਾਦ ਬੜੀਆਂ ਉਮੰਗਾਂ ਤੇ ਆਸਾਂ ਨਾਲ ਮੁੜਿਆ ਹੁੰਦਾ ਹੈ। ਕਹਾਣੀਕਾਰ ਨੇ ਆਪਣੀਆਂ ਇਨ੍ਹਾਂ ਨਿੱਕੀਆਂ ਕਹਾਣੀਆਂ ਵਿੱਚ ਇਸ ਭੂ-ਹੇਰਵੇ ਨੂੰ ਵੀ ਬੜੀ ਸ਼ਿਦੱਤ ਨਾਲ ਰੂਪਮਾਨ ਕੀਤਾ ਹੈ।




ਸ਼ਗਨਾਂ ਦੀ ਪ੍ਰਤੀਕ 'ਖੰਮਣੀ' ਨਾਂ ਦੀ ਪਹਿਲੀ ਮਿੰਨੀ ਕਹਾਣੀ ਨਾਲ 'ਖੂਹ ਦੀਆਂ ਟਿੰਡਾਂ' ਕਹਾਣੀ ਸੰਗ੍ਰਿਹ ਸ਼ੁਰੂ ਹੁੰਦਾ ਹੈ। ਇਹ ਵਿਦੇਸ਼ ਗਏ ਇੰਦਰ ਨਾਂ ਦੇ ਅੰਤਰ-ਰਾਸ਼ਟਰੀ ਵਿਦਿਆਰਥੀ ਦੇ ਪੜ੍ਹਾਈ ਦੇ ਨਾਲ ਕੰਮ ਲੱਭਣ ਤੇ ਮਾਈਨਸ 40 ਡਿਗਰੀ ਵਿੱਚ ਰਾਤ ਦੀ ਸ਼ਿਫ਼ਟ ਵਿੱਚ ਕੰਮ ਕਰਨ ਦੇ ਸੰਘਰਸ਼ ਤੇ ਲੋੜ ਦੀ ਨਿੱਕੀ ਜਿਹੀ ਗਾਥਾ ਹੈ। ਰੱਖੜੀ ਵਾਲੇ ਦਿਨ ਘਰ ਦੀ ਤੇ ਤਾਏ ਦੀ ਧੀ ਭੈਣ ਸ਼ਿੰਦੋ ਦੀ ਯਾਦ ਉਸ ਨੂੰ ਰੁਆ ਦਿੰਦੀ ਹੈ। ਫੋਨ ਤੇ ਉਸਦੀ ਮਾਂ ਦੀ ਹਿਦਾਇਤ, ਪੁੱਤ ਇਥੇ ਕੋਈ ਹੈਗਾ ਤੇਰੇ ਰੱਖੜੀ ਬੰਨ੍ਹਣ ਲਈ ? ਇੰਦਰ ਦੀ ਨਾਂਹ ਸੁਣਨ ਤੋਂ ਪਹਿਲਾਂ ਹੀ ਉਹਦੀ ਮਾਂ ਦਾ ਆਖ ਦੇਣਾ , ਚੱਲ ਕੋਈ ਨਾ ਪੁੱਤ ਇਥੇ ਆਪੀ ਗੁੱਟ ਤੇ ਖੰਮਣੀ ਬੰਨ੍ਹ ਕੇ ਸ਼ਗਨ ਕਰਲੀਂ। ਫਿਰ ਹੋਰ ਕੀ ਆ। ਰਿਸ਼ਤਿਆਂ ਦੇ ਮਾਣੇ ਨਿੱਘ ਦੀ ਯਾਦ ਨਾਲ ਐਸ ਵੇਲੇ ਖਾਲੀ ਗੁੱਟ, ਸ਼ਗਨਾਂ ਵਾਲੀ ਖੰਮਣੀ ਦੀ ਬਜਾਏ, ਯਾਦਾਂ ਦੀ ਭੁੱਬਲ ਬਣ ਖਲੋਂਦਾ ਹੈ। ਇਸੇ ਤਰ੍ਹਾਂ 'ਚੁੱਲ੍ਹੇ ਉੱਗਿਆ ਘਾਹ' ਛੋਟੀ ਕਹਾਣੀ ਵੀ 35 ਵਰ੍ਹਿਆਂ ਬਾਦ ਆਪਣੀ ਜੰਮਣ-ਭੋਂ ਤੇ ਮੁੜੇ ਬਸੰਤ ਸਿੰਘ ਦੇ ਮਨੋਭਾਵਾਂ ਅਤੇ ਪੁਰਾਣੇ ਘਰ ਨੂੰ ਵੇਖਣ ਦੀ ਚਾਹਨਾ ਦਾ ਭਾਵਪੂਰਤ ਉਲੇਖ ਹੈ। ਘਰ ਦੇ ਚੁੱਲੇ ਵਿੱਚ ਉੱਗਿਆ ਘਾਹ ਉਸ ਨੂੰ ਪੰਜਾਬ ਦੇ ਨਿਘਾਰ ਦੀ ਨਿਸ਼ਾਨੀ ਪ੍ਰਤੀਤ ਹੁੰਦਾ। ਉਹਦਾ ਲੰਮਾ ਹਾਉਕਾ 'ਇਹ ਕੇਵਲ ਉਸ ਦੇ ਘਰ ਦੀ ਨਹੀਂ ਬਲਕਿ ਪੰਜਾਬ ਦੇ ਹਰ ਤੀਜੇ ਘਰ ਦੇ ਚੁੱਲ੍ਹੇ ਉੱਗੇ ਘਾਹ ਦੀ ਤਰਾਸਦੀ ਹੈ।' ਪੰਜਾਬੀਆਂ ਦਾ ਵਿਦੇਸ਼ਾਂ ਵੱਲ ਤੇਜ਼ੀ ਨਾਲ ਹੋ ਰਹੇ ਪਲਾਇਨ ਦਾ ਸੋਗੀ ਵਰਨਣ ਹੈ। 'ਬਲਦੇ ਸਿਵੇ ਦਾ ਸੇਕ' 'ਬੋੜਾ ਖੂਹ' ਵੀ ਪ੍ਰਵਾਸ ਤੇ ਭੂ-ਹੇਰਵੇ ਦੀ ਸੰਖੇਪ ਗਾਥਾ ਹੈ।

ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਅੱਜ ਦੇ ਸਮਾਜ ਦੇ ਮੱਥੇ ਤੇ ਉੱਕਰਿਆ ਕਲੰਕ ਬਣ ਗਿਆ ਹੈ। ਮਿਹਨਤੀ ਤੇ ਸਿਰੜੀ ਦੋ ਪੁਸ਼ਤਾਂ ਦੀ ਅਜੋਕੀ ਤੀਸਰੀ ਪੀੜ੍ਹੀ ਅਵੇਸਲੀ, ਖਰਚੀਲੀ, ਅਲਗਰਜ਼ ਤੇ ਨਸ਼ਿਆਂ ਦੀ ਸ਼ਿਕਾਰ ਹੋ ਰਿਸ਼ਤਿਆਂ ਨੂੰ ਟਿੱਚ ਕਰਕੇ ਜਾਣਦੀ 'ਸਲ੍ਹਾਬੇ ਰਿਸ਼ਤੇ' ਵਿੱਚ ਘਰ ਵਿਚੱ ਕੰਧ ਕੱਢਣ ਲਈ ਬਜ਼ਿੱਦ ਹੈ ਤਾਂ ਜੋ ਮਨਆਈਆਂ ਕਰ ਸਕੇ। 'ਖੈਰ ਸੁੱਖ, ਖੂਨ ਦੇ ਰਿਸ਼ਤੇ, ਸ਼ਰੀਕ, ਭੁੱਬਲ ਤੇ ਖੂਹ ਦੀਆਂ ਟਿੰਡਾਂ' ਸਾਡੇ ਸਮਾਜ ਵਿੱਚ ਰਿਸ਼ਤਿਆਂ ਵਿੱਚ ਪੈ ਰਹੇ ਮਘੋਰਿਆਂ ਦੀ ਦਾਸਤਾਨ ਦਰਸਾਉਂਦੀਆਂ ਹਨ। ਉਂਜ ਲੇਖਕ ਨੇ ਇਨ੍ਹਾਂ ਮਘੋਰਿਆਂ ਨੂੰ ਭਰਨ ਦਾ ਉਪਰਾਲਾ, ਕਿਸੇ ਸੂਝਵਾਨ ਪਾਤਰ ਰਾਹੀਂ ਕਰਵਾ ਕੇ ਸਮਾਜ ਨੂੰ ਸੀਖ ਤੇ ਸੇਧ ਦੇਣ ਦਾ ਕਾਰਜ ਵੀ ਕੀਤਾ ਹੈ। ਮੌਜੂਦਾ ਸਮਾਜ ਤੇ ਸਿਸਟਮ ਤੇ ਪ੍ਰਸ਼ਨ ਚਿੰਨ੍ਹ ਲਾਉਣ ਵਾਲੇ ਵਿਸ਼ੇ ਜਿੰਵੇਂ ਬਾਲ ਮਜ਼ਦੂਰੀ, ਨਸ਼ਿਆਂ ਦੀ ਭੈੜੀ ਲਤ ਨਾਲ ਨੌਜੁਆਨਾਂ ਦੀ ਮੌਤ, ਬੇਲੋੜੀਆਂ ਲੋੜਾਂ ਤੇ ਵਾਧੂ ਖਰਚ, ਘਰ ਦੇ ਮੋਹਰੀ ਬਜ਼ੁਰਗਾਂ ਦੀ ਬੇਹੁਰਮਤੀ ਤੇ ਦੁਰਵਿਹਾਰ ਵਿਸ਼ਿਆਂ ਨੂੰ ਵੀ ਨੌਜੁਆਨ ਲੇਖਕ ਨੇ ਮਹਿਸੂਸਿਆ ਅਤੇ ਉਭਾਰਿਆ ਹੈ। ਸੋ ਲੇਖਕ ਕੋਲ ਕਹਾਣੀਆਂ ਦੇ ਵਿਸ਼ੇ ਹਨ, ਅਨੁਭਵ ਹੈ ਅਤੇ ਬਿਆਨ ਕਰਨ ਦੀ ਵਿਧਾ ਤੇ ਵੱਲ ਵੀ ਹੈ। ਉਮੀਦ ਹੀ ਨਹੀਂ ਪੂਰਾ ਯਕੀਨ ਹੈ ਕਿ ਸਮੇਂ ਦੇ ਨਾਲ ਲੇਖਣੀ ਵਿੱਚ ਹੋਰ ਨਿਖਾਰ ਆਵੇਗਾ। ਰੁਮਕ ਰੁਮਕ ਵਗਦੇ ਟਿੰਡਾਂ ਵਾਲੇ ਖੂਹ ਨਾਲ ਹੋਈ ਲੇਖਣੀ ਦੀ ਸ਼ੁਰੂਆਤ ਛੇਤੀ ਹੀ ਟਿਊਬਵੈੱਲ ਦੀ ਤੇਜ਼ ਧਾਰ ਬਣ ਵਹਿ ਤੁਰੇਗੀ।

ਰੁਪਿੰਦਰ ਥਰਾਜ ਨੂੰ ਉਹਦੇ ਪਲੇਠੇ ਯਤਨ ਦੀ ਬਹੁਤ ਬਹੁਤ ਮੁਬਾਰਕਬਾਦ! ਇਹ ਕਿਤਾਬ ਖਾਸ ਤੌਰ ਤੇ ਨਵੇਂ ਪਾਠਕਾਂ ਦੇ ਪੜ੍ਹਨਯੋਗ ਹੈ। ਛੋਟੇ ਛੋਟੇ ਵਾਕਾਂ ਵਾਲੀਆਂ ਸਰਲ ਤੇ ਸਾਦਾ ਭਾਸ਼ਾ ਵਿੱਚ ਲਿਖੀਆਂ ਇਹ ਛੋਟੀਆਂ ਛੋਟੀਆਂ ਕਹਾਣੀਆਂ ਉਨ੍ਹਾਂ ਨੂੰ ਪੜ੍ਹਨ ਲਈ ਉਤਸ਼ਾਹਿਤ ਕਰਨ ਦੇ ਸਮਰੱਥ ਹਨ। ਇਨ੍ਹਾਂ ਰਾਹੀਂ ਉਹ ਸਮਾਜਿਕ ਸਰੋਕਾਰਾਂ ਨੂੰ ਸੌਖਿਆਂ ਹੀ ਸਮਝ ਅਤੇ ਜਾਣ ਸਕਦੇ ਹਨ।

## ਭਾਰਤ ਦੀ ਮੇਜਰ ਰਾਧਿਕਾ ਸੇਨ ਦਾ ਸੰਯੁਕਤ ਰਾਸ਼ਟਰ 'ਚ ਸਨਮਾਨ ਹੋਇਆ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਸੰਯੁਕਤ ਰਾਸ਼ਟਰ ਵੱਲੋਂ ਭਾਰਤੀ ਸ਼ਾਂਤੀ ਰੱਖਿਅਕ ਮੇਜਰ ਰਾਧਿਕਾ ਸੇਨ ਨੂੰ '2023 ਸੰਯੁਕਤ ਰਾਸ਼ਟਰ ਮਿਲਟਰੀ ਜੈਂਡਰ ਐਡਵੋਕੇਟ ਆਫ ਦਿ ਈਅਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੇ ਅਧੀਨ ਸੇਵਾ ਕਰਦੇ ਹੋਏ ਅਪਣੀ ਜਾਨ ਗੁਆਉਣ ਵਾਲੇ ਭਾਰਤੀ ਸ਼ਾਂਤੀ ਰੱਖਿਅਕ ਨਾਇੱਕ ਧਨੰਜੈ ਕੁਮਾਰ ਸਿੰਘ ਤੋਂ ਇਲਾਵਾ ਹੋਰ ਕਈ ਫੌਜੀ, ਪੁਲਿਸ ਅਤੇ ਨਾਗਰਿਕ ਸ਼ਾਂਤੀ ਰੱਖਿਅਕਾਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ ਡਿਊਟੀ ਦੀ ਲਾਈਨ ਵਿੱਚ ਸਰਵਉੱਚ ਕੁਰਬਾਨੀ ਲਈ ਵੱਕਾਰੀ ਸੰਯੁਕਤ ਰਾਸ਼ਟਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ । ਮੇਜਰ ਰਾਧਿਕਾ ਸੇਨ, ਜਿਨ੍ਹਾਂ ਨੇ 'ਸੰਯੁਕਤ ਰਾਸ਼ਟਰ ਸੰਗਠਨ ਸਥਿਰਤਾ ਮਿਸ਼ਨ ਇਨ ਦ ਡੈਮੋਕ੍ਰੇਟਿਕ ਰੀਪਬਲਿਕ ਆਫ ਕਾਂਗੋ' (ਮੋਨਸਕੋ) ਵਿੱਚ ਸੇਵਾ ਨਿਭਾਈ ਹੈ, ਨੂੰ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਦੁਆਰਾ ਵੱਕਾਰੀ '2023 ਸੰਯੁਕਤ ਰਾਸ਼ਟਰ ਮਿਲਟਰੀ ਜੈਂਡਰ ਐਡਵੋਕੇਟ ਆਫ ਦਿ ਈਅਰ' ਨਾਲ ਵੀ ਸਨਮਾਨਿਤ ਕੀਤਾ ਗਿਆ।

## ਟੌਰਾਂਟੋ ਜਾਂ ਵੈਨਕੂਵਰ ਤੋਂ ਮੂਵ ਹੋਣ ਵਾਲਿਆਂ ਦੀ ਸਭ ਤੋਂ ਪਹਿਲੀ ਪਸੰਦ ਐਡਮਿੰਟਨ ਸ਼ਹਿਰ ਹੈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਰੀਅਲ ਸਟੇਟ ਕੰਪਨੀ ਰੋਇਲ ਲੀਪੇਜ ਵੱਲੋਂ ਕੈਨੇਡਾ ਦੇ ਸਭ ਤੋਂ ਅਫੋਰਡੇਬਲ ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਸੂਚੀ ਵਿੱਚ ਬ੍ਰਿਟਿਸ਼ ਕੋਲੰਬੀਆ ਦਾ ਇੱਕ ਵੀ ਸ਼ਹਿਰ ਨਹੀਂ ਹੈ। ਰਾਇਲ ਲੀਪੇਜ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਓਨਟੈਰੀਓ ਦਾ ਥੰਡਰ ਬੇਅ ਸ਼ਹਿਰ ਸਭ ਤੋਂ ਜਿਆਦਾ ਅਫੋਰਡੇਬਲ ਹੈ। ਜਿੱਥੇ ਘਰਾਂ ਦੀ ਔਸਤ ਕੀਮਤ 3 ਲੱਖ ਡਾਲਰ ਦੇ ਕਰੀਬ ਹੈ। ਕੰਪਨੀ ਵੱਲੋਂ ਜਾਰੀ ਕੀਤੇ ਗਏ 15 ਸਭ ਤੋਂ ਅਫੋਰਡੇਬਲ ਸ਼ਹਿਰਾਂ ਦੀ ਸੂਚੀ ਵਿੱਚੋਂ ਕੁਬੈਕ ਦੇ ਚਾਰ ਸ਼ਹਿਰ ਅਤੇ ਐਟਲਾਂਟਿਕ ਸੂਬਿਆਂ ਦੇ ਚਾਰ ਸ਼ਹਿਰ ਹਨ। ਕੰਪਨੀ ਵੱਲੋਂ ਆਖਿਆ ਗਿਆ ਹੈ ਕਿ ਉਹ ਲੋਕ ਜੋ ਗਰੇਟਰ ਟੌਰਾਂਟੋ ਜਾਂ ਗਰੇਟਰ ਵੈਨਕੂਵਰ ਤੋਂ ਮੂਵ ਹੋਣਾ ਚਾਹੁੰਦੇ ਹਨ ਉਹਨਾਂ ਦੀ ਸਭ ਤੋਂ ਪਹਿਲੀ ਪਸੰਦ ਐਡਮਿੰਟਨ ਹੈ। ਇਸ ਦੇ ਨਾਲ ਹੀ ਕੰਪਨੀ ਵੱਲੋਂ ਆਖਿਆ ਗਿਆ ਹੈ ਕਿ ਮੈਟਰੋ ਵੈਨਕੂਵਰ ਚ ਸਰਵੇਖਣ ਚ ਹਿੱਸਾ ਲੈਣ ਵਾਲੇ 45 ਫੀਸ ਲੋਕਾਂ ਨੇ ਆਖਿਆ ਕਿ ਜੇ ਮੌਕਾ ਮਿਲੇ ਤਾਂ ਉਹ ਇਥੋਂ ਮੂਵ ਹੋਣਾ ਚਾਹੁੰਦੇ ਹਨ। ਆਪਣੀ ਨੌਕਰੀ ਰੱਖਣਾ ਚਾਹੁੰਦੇ ਹਨ ਤੇ ਉਹ ਰਿਮੋਟਲੀ ਕੰਮ ਕਰਨਾ ਚਾਹੁੰਦੇ ਹਨ।

## ਵਿਆਜ ਦਰਾਂ ਬੈਂਕ ਆਫ ਕਨੇਡਾ ਦੇ ਵਸ ਦੀ ਗੱਲ ਹੈ ਪਰ ਮਹਿੰਗਾਈ ਦੀ ਸਥਿੱਤੀ ਸੰਤੁਸਟੀ ਜਨਕ ਹੈ - ਫਰੀਲੈਂਡ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਹੈ ਕਿ ਜੂਨ ਮਹੀਨੇ ਵਿੱਚ ਵਿਆਜ ਦਰਾਂ ਸਬੰਧੀ ਫੈਸਲਾ ਤਾਂ ਬੈਂਕ ਆਫ ਕੈਨੇਡਾ ਦੇ ਵਸ ਵਿੱਚ ਹੈ,ਪਰ ਪਿਛਲੇ ਤਿੰਨ ਸਾਲਾਂ ਵਿੱਚ ਇਸ ਵਕਤ ਮਹਿੰਗਾਈ ਦਰ ਸਭ ਤੋਂ ਹੇਠਲੇ ਪੱਧਰ ਤੇ ਹੈ ਅਤੇ ਇਹ ਸੰਤੁਸ਼ਟੀ ਜਨਕ ਹੈ । ਉਹਨਾਂ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਬਜਟ ਪੇਸ਼ ਕੀਤੇ ਜਾਣ ਤੋਂ ਬਾਅਦ ਬੈਂਕ ਆਫ ਕੈਨੇਡਾ ਦੇ ਗਵਰਨਰ ਨੇ ਇਸ ਤੇ ਸੰਤੁਸ਼ਟੀ ਪ੍ਰਗਟ ਕੀਤੀ ਸੀ ਉਹਨਾਂ ਆਖਿਆ ਕਿ ਬਤੌਰ ਸਰਕਾਰ ਅਸੀਂ ਆਪਣੀ ਜਿੰਮੇਵਾਰੀ ਨਿਭਾ ਰਹੇ ਹਾਂ ਪਰ ਵਿਆਜ ਦਰਾਂ ਬਾਰੇ ਫੈਸਲਾ ਬੈਂਕ ਆਫ ਕੈਨੇਡਾ ਨੇ ਹੀ ਕਰਨਾ ਹੈ ਕਿਉਂਕਿ ਉਹ ਆਪਣੇ ਆਪ ਵਿੱਚ ਆਜ਼ਾਦ ਸੰਸਥਾ ਹੈ।

## ਜਦੋਂ ਉਹਨੇ ਆਪਣਾ ਦਰਦ ਆਪਣੀ ਮਾਂ ਬੋਲੀ ਵਿੱਚ ਦੱਸਕੇ ਇਤਿਹਾਸ ਸਿਰਜਿਆ

ਟੌਰਾਂਟੋ(ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਵਿਧਾਨ ਸਭਾ ਵਿੱਚ ਉਸ ਵਕਤ ਇਤਿਹਾਸ ਸਿਰਜਿਆ ਗਿਆ ਜਦੋਂ ਪਹਿਲੀ ਵਾਰ ਮੂਲਵਾਸੀ ਭਾਈਚਾਰੇ ਦੇ ਐਮਪੀਪੀ ਨੇ ਆਪਣੀ ਭਾਸ਼ਾ ਵਿੱਚ ਸੰਬੋਧਨ ਕੀਤਾ। ਐਨਡੀਪੀ ਦੇ ਐਮਪੀਪੀ ਸੋਲ ਮਾਮਕਵਾ ਨੇ ਜਦੋਂ ਆਪਣੀ ਮੂਲ ਜ਼ੁਬਾਨ ਵਿੱਚ ਬੋਲਣਾ ਸ਼ੁਰੂ ਕੀਤਾ ਤਾਂ ਉਥੇ ਮੌਜੂਦ ਸਭ ਵਿਧਾਇੱਕਾਂ ਨੇ ਜੋਰਦਾਰ ਤਾੜੀਆਂ ਮਾਰ ਕੇ ਇਸ ਦਾ ਸਵਾਗਤ ਕੀਤਾ। ਇਸ ਉਪਰੰਤ ਸੋਲ ਮਾਮਕਵਾ ਨੇ ਮੂਲਵਾਸੀ ਭਾਈਚਾਰਿਆਂ ਨਾਲ ਹੁੰਦੇ ਰਹੇ ਧੱਕੇ ਅਤੇ ਉਹਨਾਂ ਕੋਲੋਂ ਉਹਨਾਂ ਦੀ ਬੋਲੀ ਖੋਹੇ ਜਾਣ ਬਾਰੇ ਵਿਸਥਾਰ ਸਹਿਤ ਦੱਸਿਆ।

## ਕੱਚੇ ਕਾਮੇ ਕਨੇਡਾ ਵਿੱਚ ਪੱਕੇ ਹੋਣ ਲਈ ਟਰੂਡੋ ਨੂੰ ਵਾਅਦੇ ਯਾਦ ਕਰਵਾ ਰਹੇ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਕੰਮ ਕਰ ਰਹੇ ਉਹ ਵਰਕਰ ਜਿਨਾਂ ਕੋਲ ਵਰਕ ਪਰਮਿਟ ਜਾਂ ਕਾਨੂੰਨੀ ਸਟੇਟਸ ਨਹੀਂ ਹੈ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਮੰਗ ਕੀਤੀ ਗਈ ਹੈ ਕਿ ਉਹ ਆਪਣੇ ਉਸ ਵਾਅਦੇ ਨੂੰ ਪੂਰਾ ਕਰਨ ਕਿ ਜਿਸ ਵਿੱਚ ਦੋ ਸਾਲ ਪਹਿਲਾਂ ਆਖਿਆ ਗਿਆ ਸੀ ਕਿ ਬਿਨਾਂ ਕਾਗਜ਼ਾਂ ਵਾਲੇ ਵਰਕਰਾਂ ਨੂੰ ਵੀ ਪੱਕੇ ਕੀਤਾ ਜਾਵੇਗਾ। ਇਹਨਾਂ ਕਾਮਿਆਂ ਦੀ ਪੈਰਵਾਈ ਕਰਨ ਵਾਲੇ ਲੋਕਾਂ ਵੱਲੋਂ ਆਖਿਆ ਗਿਆ ਹੈ ਕਿ ਜਸਟਿਨ ਟਰੂਡੋ ਹੱਥੋਂ ਵਕਤ ਨਿਕਲਦਾ ਜਾ ਰਿਹਾ ਹੈ । ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਖਿਆ ਗਿਆ ਹੈ ਕਿ ਇਹਨਾਂ ਬਿਨਾਂ ਕਾਗਜ਼ਾਂ ਵਾਲੇ ਕਾਮਿਆਂ ਨੂੰ ਪੱਕੇ ਕਰਨ ਤੇ ਉਹਨਾਂ ਨੂੰ ਕੈਨੇਡਾ ਵਿੱਚ ਰਹਿਣ ਦਾ ਅਧਿਕਾਰ ਦੇਣ ਲਈ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ।













# ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਵਾਲਾ ਅਮਰੀਕਾ ਦਾ ਪਹਿਲਾ ਸਾਬਕਾ ਰਾਸ਼ਟਰਪਤੀ ਬਣਿਆ ਟਰੰਪ



ਅਮਰੀਕਾ (ਪੰਜਾਬੀ ਅਖਬਾਰ ਬਿਊਰੋ)–2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰ ਸਟੌਰਮੀ ਡੈਨੀਅਲਜ਼ ਨੂੰ ਗੁਪਤ ਤਰੀਕੇ ਨਾਲ ਪੈਸੇ ਦੇਣ ਦੇ ਮਾਮਲੇ ’ਚ ਡੌਨਲਡ ਟਰੰਪ ਨੂੰ ਵਪਾਰਕ ਰਿਕਾਰਡਾਂ ’ਚ ਗੜਬੜੀ ਕਰਨ ਦੇ 34 ਦੋਸ਼ਾਂ ’ਚ ਦੋਸ਼ੀ ਪਾਇਆ ਗਿਆ। ਇਸ ਨਾਲ ਉਹ ਅਮਰੀਕਾ ਦੇ ਪਹਿਲੇ ਅਜਿਹੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ ਜਿਨ੍ਹਾਂ ਨੂੰ ਕਿਸੇ ਗੰਭੀਰ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ। ਅਜਿਹੇ ’ਚ ਨਵੰਬਰ ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਹਿੱਸਾ ਲੈ ਕੇ ਇੱਕ ਵਾਰ ਫ਼ਿਰ ਵ੍ਹਾਈਟ ਹਾਊਸ ’ਚ ਪਹੁੰਚਣ ਦੀਆਂ ਉਸ ਦੀਆਂ ਉਮੀਦਾਂ ਦੇ ਰਾਹ ’ਚ ਕਾਨੂੰਨੀ ਚੁਣੌਤੀਆਂ ਵਧਦੀਆਂ ਨਜ਼ਰ ਆ ਰਹੀਆਂ ਹਨ।

ਇੱਕ ਇਤਿਹਾਸਕ ਫ਼ੈਸਲੇ ’ਚ ਮੈਨਹਟਨ ਦੇ 12 ਜਿਊਰਰਾਂ ਦੇ ਇੱਕ ਸਮੂਹ ਨੇ ਕਿਹਾ ਕਿ ਉਹ ਸਰਬਸੰਮਤੀ ਨਾਲ ਸਹਿਮਤ ਹਨ ਕਿ ਟਰੰਪ (77) ਨੇ ਬਾਲਗ ਫ਼ਿਲਮ ਸਟਾਰ ਡੈਨੀਅਲਜ਼ ਨੂੰ ਇੱਕ ਲੱਖ 30 ਹਜ਼ਾਰ ਡਾਲਰ ਦੀ ਅਦਾਇਗੀ ਨੂੰ ਛੁਪਾਉਣ ਲਈ ਕਾਰੋਬਾਰੀ ਰਿਕਾਰਡਾਂ ਨੂੰ ਝੂਠਾ ਬਣਾਇਆ। ਇਹ ਫ਼ੈਸਲਾ ਕਰੀਬ ਡੇਢ ਦਿਨ ਦੀ ਵਿਚਾਰ–ਵਟਾਂਦਰੇ ਤੋਂ ਬਾਅਦ ਆਇਆ ਹੈ। ਇਸ ਫ਼ੈਸਲੇ ਦੇ ਬਾਵਜੂਦ ਟਰੰਪ ਨੂੰ ਨਵੰਬਰ ’ਚ ਹੋਣ ਵਾਲੀਆਂ ਚੋਣਾਂ ’ਚ ਖੜ੍ਹੇ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ, ਪਰ ਇਹ ਲਗਭਗ ਤੈਅ ਹੈ ਕਿ ਉਹ ਇਸ ਖ਼ਿਲਾਫ਼ ਅਪੀਲ ਕਰਨਗੇ। ਛੇ ਹਫ਼ਤਿਆਂ ਦੀ ਸੁਣਵਾਈ ਦੌਰਾਨ ਅਦਾਲਤ ਨੇ ਡੈਨੀਅਲਜ਼ ਸਮੇਤ 22 ਗਵਾਹਾਂ ਦੀ ਗਵਾਹੀ ਸੁਣੀ ਜਿਨ੍ਹਾਂ ਦੇ ਸਾਬਕਾ ਰਾਸ਼ਟਰਪਤੀ ਨਾਲ ਜਿਣਸੀ ਸਬੰਧ ਮਾਮਲੇ ਦੇ ਕੇਂਦਰ ’ਚ ਸਨ। ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਟਰੰਪ ਚੁੱਪ ਰਹੇ।

ਟਰੰਪ ਨੇ ਕੋਰਟ ਰੂਮ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ ਕਿ ਇਹ ਫ਼ੈਸਲਾ ਗ਼ਲਤ ਰਾਜਨੀਤਕ ਪ੍ਰਣਾਲੀ ਦਾ ਨਤੀਜਾ ਹੈ। ਜਿਵੇਂ ਹੀ ਉਨ੍ਹਾਂ ਖ਼ਿਲਾਫ਼ ਫ਼ੈਸਲਾ ਸੁਣਾਇਆ ਗਿਆ, ਟਰੰਪ ਨੇ ਕਿਹਾ, “ਇਹ ਸ਼ਰਮਨਾਕ ਹੈ। ਇਹ ਇੱਕ ਵਿਵਾਦਗ੍ਰਸਤ ਜੱਜ ਦੁਆਰਾ ਚਲਾਇਆ ਗਿਆ ਇੱਕ ਖ਼ਰਾਬ, ਭ੍ਰਿਸ਼ਟ ਮੁਕੱਦਮਾ ਸੀ।” ਉਨ੍ਹਾਂ ਕਿਹਾ, “ਲੋਕ ਅਸਲੀ ਫ਼ੈਸਲਾ 5 ਨਵੰਬਰ ਨੂੰ ਦੇਣਗੇ। ਉਹ ਜਾਣਦੇ ਹਨ ਕਿ ਇੱਥੇ ਕੀ ਹੋਇਆ ਹੈ ਅਤੇ ਹਰ ਕੋਈ ਜਾਣਦਾ ਹੈ ਕਿ ਇੱਥੇ ਕੀ ਹੋਇਆ ਸੀ।” ਸਰਕਾਰੀ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਟਰੰਪ ਨੇ ਪੈਸੇ ਨੂੰ ਕਾਨੂੰਨੀ ਖ਼ਰਚਿਆਂ ਦੇ ਰੂਪ ’ਚ ਪੇਸ਼ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦੇ ਕੇ ਚੋਣਾਂ ਦਾ ਕਾਨੂੰਨ ਤੋੜਿਆ ਹੈ। ਟਰੰਪ ਨੂੰ ਸਜ਼ਾ ਸੁਣਾਉਣ ਦੀ ਤਰੀਕ 11 ਜੁਲਾਈ ਤੈਅ ਕੀਤੀ ਗਈ ਹੈ। ਉਸ ਤੋਂ ਚਾਰ ਦਿਨਾਂ ਬਾਅਦ ਵਿਸਕੌਨਸਿਨ ਦੇ ਮਿਲਵੌਕੀ ’ਚ ਹੋਣ ਵਾਲੇ ਰੀਪਬਲੀਕਨ ਨੈਸ਼ਨਲ ਕਨਵੈਨਸ਼ਨ ’ਚ ਉਨ੍ਹਾਂ ਨੂੰ ਰਸਮੀ ਤੌਰ ’ਤੇ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਪਾਰਟੀ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਜਾਣਾ ਹੈ। ਫ਼ਿਲਹਾਲ ਟਰੰਪ ਨੂੰ ਬਿਨਾਂ ਜ਼ਮਾਨਤ ਦੇ ਰਿਹਾਅ ਕਰ ਦਿੱਤਾ ਗਿਆ ਹੈ।

ਟਰੰਪ ਨੇ ਕਿਹਾ, “ਮੈਂ ਬੇਕਸੂਰ ਹਾਂ। ਮੈਂ ਆਪਣੇ ਦੇਸ਼ ਲਈ ਲੜ ਰਿਹਾ ਹਾਂ। ਮੈਂ ਆਪਣੇ ਸੰਵਿਧਾਨ ਲਈ ਲੜ ਰਿਹਾ ਹੈ।” ਟਰੰਪ ਨੇ ਦੋਸ਼ ਲਾਇਆ ਕਿ ਬਾਇਡਨ ਪ੍ਰਸ਼ਾਸ਼ਨ ਨੇ ਆਪਣੇ ਸਿਆਸੀ ਵਿਰੋਧੀ ਨੂੰ ਨੁਕਸਾਨ ਪਹੁੰਚਾਉਣ ਲਈ ਅਜਿਹਾ ਕੀਤਾ ਹੈ। ਉਸ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਇਹ ਸ਼ਰਮਨਾਕ ਹੈ ਅਤੇ ਅਸੀਂ ਇਸ ਦੇ ਵਿਰੁੱਧ ਲੜਨਾ ਜਾਰੀ ਰੱਖਾਂਗੇ। ਅਸੀਂ ਅੰਤ ਤਕ ਲੜਾਂਗੇ ਅਤੇ ਅਸੀਂ ਜਿੱਤਾਂਗੇ ਕਿਉਂਕਿ ਸਾਡਾ ਦੇਸ਼ ਨਰਕ ’ਚ ਚਲਾ ਗਿਆ ਹੈ।” ਬਾਇਡਨ ਦੀ ਚੋਣ ਮੁਹਿੰਮ ਨੇ ਜਿਊਰੀ ਦੇ ਫ਼ੈਸਲੇ ਦਾ ਸਵਾਗਤ ਕੀਤਾ। ਬਾਇਡਨ–ਹੈਰਿਸ 2024 ਕਮਿਊਨੀਕੇਸ਼ਨਜ਼ ਦੇ ਨਿਰਦੇਸ਼ਕ ਮਾਈਕਲ ਟੇਲਰ ਨੇ ਕਿਹਾ, “ਅਸੀਂ ਨਿਊ ਯੌਰਕ ’ਚ ਦੇਖਿਆ ਕਿ ਪੋਰਨ ਸਟਾਰ ਸਟੌਰਮੀ ਡੈਨੀਅਲਜ਼ ਨੂੰ ਪੈਸੇ ਦੇਣ ਦਾ ਟਰੰਪ ਦਾ ਇਹ ਮਾਮਲਾ 2016 ਦਾ ਹੈ।” ਉਸ ਸਮੇਂ ਇਹ ਗੱਲ ਸਾਹਮਣੇ ਆਈ ਸੀ ਕਿ ਟਰੰਪ ਦਾ ਇੱਕ ਪੋਰਨ ਸਟਾਰ ਨਾਲ ਅਫ਼ੇਅਰ ਚੱਲ ਰਿਹਾ ਸੀ, ਅਤੇ ਦੋਸ਼ ਸੀ ਕਿ ਉਸ ਨੇ ਇਸ ਨੂੰ ਲੁਕਾਉਣ ਲਈ ਸਟੌਰਮੀ ਨੂੰ ਕਰੀਬ ਇੱਕ ਲੱਖ 30 ਹਜ਼ਾਰ ਡਾਲਰ ਦਿੱਤੇ ਸਨ। ਟਰੰਪ ਦੀ ਤਰਫ਼ੋਂ ਪੋਰਨ ਸਟਾਰ ਨੂੰ ਇਹ ਭੁਗਤਾਨ ਸਾਬਕਾ ਵਕੀਲ ਮਾਈਕਲ ਕੋਹੇਨ ਨੇ ਆਪਣੇ ਘਰ ’ਤੇ ਮੌਰਗੇਜ ਚੁੱਕ ਕੇ ਕੀਤਾ ਸੀ।

## 13ਵੇਂ ਨਾਟਕ ਸਮਾਗਮ ਦਾ ਪੋਸਟਰ ਰਿਲੀਜ ਕੀਤਾ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੌਗੈਰਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ 13ਵਾਂ ਸੋਹਣ ਮਾਨ ਯਾਦਗਾਰੀ ਨਾਟਕ ਸਮਾਗਮ ਐਤਵਾਰ, ਜੂਨ 23 ਨੂੰ ਰੈਡ ਸਟੋਨ ਦੇ ਥੀਏਟਰ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਨਾਟਕਾਂ ਦੀ ਪ੍ਰਬੰਧਕੀ ਟੀਮ, ਕਲਾਕਾਰਾਂ ਤੇ ਹੋਰ ਪਤਵੰਤੇ ਸੱਜਣਾਂ ਜੈਨੇਸਿਸ ਸੈਂਟਰ ਵਿਖੇ ਪੋਸਟਰ ਰਿਲੀਜ਼ ਕੀਤਾ ਗਿਆ। ਪ੍ਰੌਗਰੈਸਿਵ ਕਲਾ ਮੰਚ ਵੱਲੋਂ ਕਮਲਪ੍ਰੀਤ ਪੰਧੇਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਦੋ ਨਾਟਕ ਖੇਡੇ ਜਾਣਗੇ। ਜਿਨ੍ਹਾਂ ਵਿੱਚੋ ਇੱਕ ਨਾਟਕ ‘ਅੱਲੜ ਉਮਰਾਂ ਘੁੱਪ ਹਨ੍ਹੇਰੇ’ ਨਸ਼ਿਆਂ ਵਿੱਚ ਡੁੱਬ ਰਹੀ ਜਵਾਨੀ ਦੀ ਸਮੱਸਿਆ ਨਾਲ ਸਬੰਧਤ ਹੋਵੇਗਾ ਅਤੇ ਦੂਸਰਾ ਨਾਟਕ ਕਨੇਡਾ ਵਿੱਚ ਸਾਡੇ ਭਾਈਚਾਰੇ ਦੀਆਂ ਸਮੱਸਿਆਵਾਂ ਨਾਲ ਸਬੰਧਤ ਹੋਵੇਗਾ। ਇਨ੍ਹਾਂ ਨਾਟਕਾਂ ਦੀ ਤਿਆਰੀ ਲਈ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਹਰਜੇਸ਼ ਚੌਧਰੀ ਵਿਸ਼ੇਸ਼ ਤੌਰ ‘ਤੇ ਪਹੁੰਚ ਰਹੇ ਹਨ। ਇਸ ਮੌਕੇ ਤੇ ਬੋਲਦਿਆਂ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵੱਲੋਂ ਇਸ ਸਾਲ ਦਾ ਦੂਜਾ ਪੁਸਤਕ ਮੇਲਾ ਪਹਿਲਾਂ ਦੀ ਤਰ੍ਹਾਂ ਗਰੀਨ ਪਲਾਜਾ ਵਿਖੇ ਐਤਵਾਰ 16 ਜੂਨ ਨੂੰ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸਦਾ ਉਦਘਾਟਨ 11 ਵਜੇ ਮੰਡੀ ਮੁੱਲਾਂਪੁਰ ਤੋਂ ਪਹੁੰਚ ਰਹੇ ਲੇਖਕ, ਐਕਟਰ, ਡਾਇਰੈਕਟਰ ਹਰਕੇਸ਼ ਚੌਧਰੀ ਕਰਨਗੇ। ਇਸ ਮੌਕੇ ‘ਤੇ ਪਾਠਕ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਖਰੀਦ ਸਕਦੇ ਹਨ।




Congratulations to Chetan Singh Sadioura on his momentous achievement of becoming a Lawyer and passing the Bar with excellence!!We extend our warmest felicitations to Proud parents Sukh Sadioura, Grandfather Chand Sadioura, Kanwal Jit Sadioura and all the family members. We wish Chetan continued success and empowerment in his future endeavors.

# ਭਾਰਤ ਖ਼ਿਲਾਫ਼ ਚੀਨ ਦੇ ਖ਼ਤਰਨਾਕ ਔਪ੍ਰੇਸ਼ਨ ਦਾ ਪਰਦਾਫ਼ਾਸ਼






ਚੀਨ (ਪੰਜਾਬੀ ਅਖਬਾਰ ਬਿਊਰੋ)– ਭਾਰਤ ’ਚ ਅਸ਼ਾਂਤੀ ਫ਼ੈਲਾਉਣ ਲਈ ਚੀਨ ਦੀ ਨਵੀਂ ਯੋਜਨਾ ਸਾਹਮਣੇ ਆਈ ਹੈ। ਮੈਟਾ ਰਿਪੋਰਟ ’ਚ ਖ਼ੁਲਾਸਾ ਹੋਇਆ ਹੈ ਕਿ ਚੀਨ ਤੋਂ ਚਲਾਏ ਜਾ ਰਹੇ ਫ਼ਰਜ਼ੀ ਖਾਤਿਆਂ ਰਾਹੀਂ ਭਾਰਤ ’ਚ ਅਸ਼ਾਂਤੀ ਫ਼ੈਲਾਉਣ ਅਤੇ ਖ਼ਾਲਿਸਤਾਨੀ ਗਤੀਵਿਧੀਆਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਫ਼ੇਸਬੁੱਕ ਅਤੇ ਇੰਸਟਾਗ੍ਰਾਮ ਦੀ ਮਲਕੀਅਤ ਵਾਲੀ ਕੰਪਨੀ ਮੈਟਾ ਨੇ ਖ਼ੁਲਾਸਾ ਕੀਤਾ ਹੈ ਕਿ ਭਾਰਤ ’ਚ ਖ਼ਾਲਿਸਤਾਨੀ ਖਾੜਕੂਆਂ ਦੇ ਪੱਖ ’ਚ ਸਮਰਥਨ ਅਤੇ ਮਾਹੌਲ ਦਿਖਾਉਣ ਲਈ ਚੀਨ ਤੋਂ ਫ਼ਰਜ਼ੀ ਫ਼ੇਸਬੁੱਕ ਅਤੇ ਇੰਸਟਾਗ੍ਰਾਮ ਖਾਤੇ ਬਣਾਏ ਗਏ ਹਨ। ਇਨ੍ਹਾਂ ਫ਼ਰਜ਼ੀ ਖਾਤਿਆਂ ਦਾ ਨਿਸ਼ਾਨਾ ਦੁਨੀਆਂ ਭਰ ਦਾ ਸਿੱਖ ਭਾਈਚਾਰਾ ਸੀ ਜਿਨ੍ਹਾਂ ’ਚ ਖ਼ਾਲਿਸਤਾਨ ਪੱਖੀ ਭਾਵਨਾਵਾਂ ਨੂੰ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ।

ਮੈਟਾ ਰਿਪੋਰਟ ’ਚ ਕਿਹਾ ਗਿਆ ਹੈ ਕਿ ਚੀਨ–ਆਧਾਰਿਤ ਨੈੱਟਵਰਕ ਨੇ ਇੱਕ ਫ਼ਰਜ਼ੀ ਔਪਰੇਸ਼ਨ ਕਰ ਕੇ ਖ਼ਾਲਿਸਤਾਨੀਆਂ ਨੂੰ ਨਿਸ਼ਾਨਾ ਬਣਾਇਆ ਜਿਸ ’ਚ ਨਿਊ ਜ਼ੀਲੈਂਡ ਅਤੇ ਆਸਟ੍ਰੇਲੀਆ ਸਮੇਤ ਸਿੱਖ ਪੱਖੀ ਵਿਰੋਧ ਪ੍ਰਦਰਸ਼ਨਾਂ ਦੀ ਮੰਗ ਕੀਤੀ ਗਈ। ਮੈਟਾ ਨੇ ਕਿਹਾ, “ਉਨ੍ਹਾਂ ਨੇ ਮੁੱਖ ਤੌਰ ’ਤੇ ਅੰਗਰੇਜ਼ੀ ਅਤੇ ਹਿੰਦੀ ’ਚ ਖ਼ਬਰਾਂ ਅਤੇ ਵਰਤਮਾਨ ਘਟਨਾਵਾਂ ਬਾਰੇ ਪੋਸਟ ਕੀਤਾ ਜਿਸ ’ਚ ਸੰਭਵ ਤੌਰ ’ਤੇ ਫ਼ੋਟੋ ਐਡੀਟਿੰਗ ਟੂਲਜ਼ ਦੁਆਰਾ ਤਿਆਰ ਕੀਤੀਆਂ ਜਾਂ ਦੁਆਰਾ ਬਣਾਈਆਂ ਗਈਆਂ ਫ਼ੋਟੋਆਂ ਸ਼ਾਮਿਲ ਸਨ। ਇਸ ਤੋਂ ਇਲਾਵਾ ਪੰਜਾਬ ਖੇਤਰ ’ਚ ਹੜ੍ਹ, ਦੁਨੀਆਂ ਭਰ ’ਚ ਸਿੱਖ ਭਾਈਚਾਰੇ, ਖ਼ਾਲਿਸਤਾਨ ਲਈ ਅੰਦੋਲਨ, ਹਰਦੀਪ ਸਿੰਘ ਨਿੱਜਰ ਦੇ ਕਤਲ ਅਤੇ ਭਾਰਤ ਸਰਕਾਰ ਦੀ ਆਲੋਚਨਾ ਬਾਰੇ ਵੀ ਪੋਸਟਾਂ ਸ਼ਾਮਿਲ ਸਨ।ਮੈਟਾ ਨੇ ਖ਼ਾਲਿਸਤਾਨ ਦਾ ਪ੍ਰਚਾਰ ਕਰਨ ਵਾਲੇ 37 ਫ਼ੇਸਬੁੱਕ ਐਕਾਊਂਟਾਂ, 13 ਪੇਜਾਂ, ਪੰਜ ਗਰੁੱਪਸ ਅਤੇ ਨੌਂ ਇੰਸਟਾਗ੍ਰਾਮ ਐਕਾਊਂਟ ਹਟਾ ਦਿੱਤੇ ਹਨ। ਫ਼ੇਸਬੁੱਕ ਅਤੇ ਇੰਸਟਾਗ੍ਰਾਮ ਦੇ ਮਾਲਕ ਮੈਟਾ ਨੇ ਆਪਣੀ ਵਿਰੋਧੀ ਧਮਕੀ ਰਿਪੋਰਟ ’ਚ ਕਿਹਾ ਕਿ ਉਸ ਨੇ ਸੰਗਠਿਤ ਗ਼ੈਰ–ਪ੍ਰਮਾਣਿਕ ਆਚਰਣ ਵਿਰੁੱਧ ਆਪਣੀ ਨੀਤੀ ਦੀ ਉਲੰਘਣਾ ਕਰਨ ਲਈ ਇਨ੍ਹਾਂ ਖਾਤਿਆਂ, ਪੰਨਿਆਂ ਅਤੇ ਸਮੂਹਾਂ ਨੂੰ ਹਟਾ ਦਿੱਤਾ ਹੈ।

ਕੰਪਨੀ ਨੇ ਇਨ੍ਹਾਂ ਖਾਤਿਆਂ ਦੀਆਂ ਗਤੀਵਿਧੀਆਂ ਨੂੰ ਸ਼ੱਕੀ ਅਤੇ ਅਪ੍ਰਮਾਣਿਕ ਪਾਇਆ ਹੈ। ਇਨ੍ਹਾਂ ਖਾਤਿਆਂ ਰਾਹੀਂ ਫ਼ਰਜ਼ੀ ਖ਼ਬਰਾਂ, ਤਸਵੀਰਾਂ, ਛੇੜਛਾੜ ਕੀਤੀਆਂ ਵੀਡੀਓਜ਼ ਅਤੇ ਪ੍ਰੌਪੇਗੈਂਡਾ ਪੋਸਟਸ ਕੀਤੇ ਜਾ ਰਹੇ ਸਨ। ਮੈਟਾ ਨੇ 2024 ਦੀ ਪਹਿਲੀ ਤਿਮਾਹੀ ਲਈ ਆਪਣੀ ਐਡਵਰਸੀਅਲ ਥ੍ਰੈੱਟ ਰਿਪੋਰਟ ’ਚ ਕਿਹਾ, “ਇਹ ਨੈੱਟਵਰਕ ਚੀਨ ’ਚ ਬਣਾਇਆ ਗਿਆ ਸੀ ਅਤੇ ਆਸਟ੍ਰੇਲੀਆ, ਕੈਨੇਡਾ, ਭਾਰਤ, ਨਿਊ ਜ਼ੀਲੈਂਡ, ਪਾਕਿਸਤਾਨ, ਅਤੇ ਨਾਈਜੀਰੀਆ ਸਮੇਤ ਵਿਸ਼ਵ ਵਿਆਪੀ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ।”

ਮੈਟਾ ਨੇ ਕਿਹਾ ਕਿ ਇਸ ਗਤੀਵਿਧੀ ’ਚ ਚੀਨ ਤੋਂ ਸੰਚਾਲਿਤ ਜਾਅਲੀ ਖਾਤਿਆਂ ਦੇ ਕਈ ਸਮੂਹ ਸ਼ਾਮਿਲ ਸਨ ਜਿਨ੍ਹਾਂ ਨੇ ਭਾਰਤ ਅਤੇ ਤਿੱਬਤ ਖੇਤਰ ਨੂੰ ਵੀ ਨਿਸ਼ਾਨਾ ਬਣਾਇਆ ਸੀ। ਰਿਪੋਰਟ ’ਚ ਕਿਹਾ ਗਿਆ ਹੈ, “ਇਨ੍ਹਾਂ ’ਚੋਂ ਕੁੱਝ ਸਮੂਹਾਂ ਨੇ ਇੱਕ–ਦੂਜੇ ਜ਼ਰੀਏ ਅੱਗੇ ਵਧਾਇਆ ਜਿਨ੍ਹਾਂ ’ਚੋਂ ਜ਼ਿਆਦਾਤਰ ਨੇ ਮੁਹਿੰਮ ਨੂੰ ਅਸਲ ’ਚ ਇਸ ਤੋਂ ਵੱਧ ਪ੍ਰਸਿੱਧ ਬਣਾਉਣ ਲਈ ਆਪਣੇ ਫ਼ਰਜ਼ੀ ਖਾਤਿਆਂ ਦੀ ਵਰਤੋਂ ਕੀਤੀ।” ਰਿਪੋਰਟ ’ਚ ਕਿਹਾ ਗਿਆ ਹੈ। ਮੈਟਾ ਨੇ ਅੱਗੇ ਕਿਹਾ, “ਇਸ ਕਾਰਵਾਈ ’ਚ ਜਾਅਲੀ ਅਤੇ ਸ਼ੱਕੀ ਖਾਤਿਆਂ ਦੀ ਵਰਤੋਂ ਕੀਤੀ ਗਈ ਸੀ ਜਿਨ੍ਹਾਂ ’ਚੋਂ ਕੁੱਝ ਨੂੰ ਸਾਡੀ ਜਾਂਚ ਤੋਂ ਪਹਿਲਾਂ ਸਾਡੇ ਸਵੈਚਲਿਤ ਪ੍ਰਣਾਲੀਆਂ ਦੁਆਰਾ ਖੋਜਿਆ ਗਿਆ ਸੀ ਅਤੇ ਉਨ੍ਹਾਂ ਨੂੰ ਹਟਾ ਦਿੱਤਾ ਗਿਆ।

# ਭਗਤ ਪੂਰਨ ਸਿੰਘ ਦਾ ਜਨਮ ਦਿਹਾੜਾ ਸੇਵਾ ਤਪੱਸਿਆ ਦਿਵਸ ਵਜੋਂ ਮਨਾਇਆ

ਅੰਮ੍ਰਿਤਸਰ(ਪੰਜਾਬੀ ਅਖਬਾਰ ਬਿਊਰੋ)– ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ ਦਿਨ ਰੇਲਵੇ ਸਟੇਸ਼ਨ ’ਤੇ ਦੁਪਹਿਰ ਸਮੇਂ ਫ਼ੁਟਪਾਥ ’ਤੇ ਬੈਠ ਕੇ ਸੇਵਾ ਤਪੱਸਿਆ ਦਿਨ ਵਜੋਂ ਮਨਾਇਆ ਗਿਆ। ਦੇਸ਼ ਵੰਡ ਮਗਰੋਂ ਪਾਕਿਸਤਾਨ ਤੋਂ ਆਉਣ ਮਗਰੋਂ ਭਗਤ ਪੂਰਨ ਸਿੰਘ ਵਲੋਂ ਇੱਕ ਰੇਲਵੇ ਸਟੇਸ਼ਨ ਬਾਹਰ ਫ਼ੁਟਪਾਥ ’ਤੇ ਬੈਠ ਕੇ ਅਪਾਹਜਾਂ, ਬੀਮਾਰਾਂ ਅਤੇ ਮਰੀਜ਼ਾਂ ਦੀ ਸਾਂਭ–ਸੰਭਾਲ ਕੀਤੀ ਜਾਂਦੀ ਸੀ। ਉਸ ਵੇਲੇ ਉਨ੍ਹਾਂ ਕੋਲ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਕੋਈ ਛੱਤ ਵੀ ਨਹੀਂ ਸੀ। ਉਨ੍ਹਾਂ ਦੀ ਇਸ ਨਿਸ਼ਕਾਮ ਸੇਵਾ ਨੂੰ ਯਾਦ ਕਰਦਿਆਂ ਸੰਸਥਾ ਵਲੋਂ ਸੇਵਾ ਤਪੱਸਿਆ ਦਿਨ ਵਜੋਂ ਮਨਾਇਆ ਗਿਆ।ਇਸ ਮੌਕੇ ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਦੀ ਅਗਵਾਈ ਹੇਠ ਪਿੰਗਲਵਾੜਾ ਦੇ ਪ੍ਰਬੰਧਕ ਅਤੇ ਮਰੀਜ਼ ਇਕੱਠੇ ਹੋ ਕੇ ਰੇਲਵੇ ਸਟੇਸ਼ਨ ’ਤੇ ਪੁੱਜੇ ਜਿੱਥੇ ਉਨ੍ਹਾਂ ਫ਼ੁਟਪਾਥ ’ਤੇ ਬੈਠ ਕੇ ਇਹ ਤਪੱਸਿਆ ਦਿਹਾੜਾ ਦੁਪਹਿਰ 12 ਤੋਂ 3 ਵਜੇ ਤਕ ਭਗਤ ਪੂਰਨ ਸਿੰਘ ਨੂੰ ਯਾਦ ਕਰਦਿਆਂ ਮਨਾਇਆ। ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਇਸ ਸਥਾਨ ’ਤੇ ਭਗਤ ਪੂਰਨ ਸਿੰਘ ਨੇ ਲੋੜਵੰਦ ਅਪਾਹਜਾਂ ਦੀ ਸੇਵਾ ਮੁਹਿੰਮ ਆਰੰਭ ਕਰ ਕੇ ਪਿੰਗਲਵਾੜਾ ਹੋਂਦ ’ਚ ਲਿਆਂਦਾ ਸੀ। ਦੇਸ਼ ਦੀ ਵੰਡ ਮਗਰੋਂ ਉਹ ਪਹਿਲਾਂ ਖ਼ਾਲਸਾ ਕਾਲਜ ਅੰਮ੍ਰਿਤਸਰ ’ਚ ਲੱਗੇ ਇੱਕ ਰੈਫ਼ਿਊਜੀ ਕੈਂਪ ’ਚ ਪੁੱਜੇ ਅਤੇ ਉੱਥੇ ਲਾਵਾਰਿਸਾਂ ਦੀ ਸੇਵਾ ਕੀਤੀ। ਉਸ ਕੈਂਪ ’ਚ 25 ਹਜ਼ਾਰ ਸ਼ਰਣਾਰਥੀ ਸਨ। ਉਸ ਸਮੇਂ ਕੈਂਪ ’ਚ ਲੋੜਵੰਦਾਂ ਦੀ ਸੇਵਾ ਕਰਨ ਵਾਲਾ ਹੋਰ ਕੋਈ ਨਹੀਂ ਸੀ। ਇਹ ਕੈਂਪ 31 ਦਸੰਬਰ 1947 ਤਕ ਚੱਲਿਆ। ਕੁੱਝ ਦੇਰ ਭਗਤ ਜੀ ਨੇ ਚੀਫ਼ ਖ਼ਾਲਸਾ ਦੀਵਾਨ ਦਫ਼ਤਰ ਦੇ ਬਾਹਰ ਸੜਕ ਕਿਨਾਰੇ ਰਹਿ ਕੇ ਹੱਥੀਂ ਸੇਵਾ ਕੀਤੀ। ਮਗਰੋਂ ਉਹ ਰੇਲਵੇ ਸਟੇਸ਼ਨ ਦੇ ਸਾਹਮਣੇ ਟਾਂਗਾ ਸਟੈਂਡ ਦੇ ਫ਼ੁਟਪਾਥ ’ਤੇ ਕਈ ਮਹੀਨੇ ਅਪਾਹਜਾਂ ਦੀ ਸੇਵਾ ਕਰਦੇ ਰਹੇ। ਇਹ ਸੇਵਾ ਉਨ੍ਹਾਂ ਜਨਵਰੀ 1948 ਤੋਂ ਆਰੰਭ ਕੀਤੀ ਸੀ। ਇਸ ਮੌਕੇ ਬੁਲਾਰਿਆਂ ਨੇ ਭਗਤ ਪੂਰਨ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਪਿੰਗਲਵਾੜਾ ਦਾ ਸਾਹਿਤ ਵੀ ਵੰਡਿਆ ਗਿਆ। ਇਸ ਮੌਕੇ ਵਿਧਾਇਕ ਡਾ. ਕੁੰਵਰ ਵਿਜੈ ਪ੍ਰਤਾਪ ਸਿੰਘ, ਡਾ. ਜਗਦੀਪਕ ਸਿੰਘ, ਮੁਖਤਾਰ ਸਿੰਘ ਗੁਰਾਇਆ, ਰਾਜਬੀਰ ਸਿੰਘ, ਹਰਜੀਤ ਸਿੰਘ ਅਰੋੜਾ, ਪ੍ਰੀਤਇੰਦਰਜੀਤ ਕੌਰ ਅਤੇ ਜਨਰਲ ਮੈਨੇਜਰ ਤਿਲਕ ਰਾਜ ਹਾਜ਼ਰ ਸਨ।













# KIRAN RANDHAWA

FOR CITY COUNCIL

- ਪਾਰਦਰਸ਼ਿਤਾ ਅਤੇ ਭਰੋਸੇਯੋਗ ✓
- ਨਵੇਂ ਸਕੂਲਾਂ ਦਾ ਸਮਰਥਨ ✓
- ਰੈਕ ਸੈਂਟਰ ਦਾ ਸਮਰਥਨ ✓
- ਮਜ਼ਬੂਤ ਅਰਥਚਾਰਿਕ ਵਿਕਾਸ ✓
- ਪਬਲਿਕ ਟ੍ਰਾਂਸਪੋਰਟ ਬੱਸ ਸੇਵਾ ✓
- ਅਪਰਾਧ ਤੋਂ ਜਨਤਕ ਸੁਰੱਖਿਆ ਨੂੰ ਵਧਾਉਣਾ ✓

CHESTERMERE
JUNE 24TH, 2024

VOTE

www.kiranrandhawa.ca

Advice from someone you trust.
Sun Life
Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

NEW WAVE OPTICAL

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!

For more info call:
Sandeep Pandher
MANAGER
at 403-999-2500



CHANDIGARH DRIVING SCHOOL
Don't Learn Safety by Accident

- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience



Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ

Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ

ਕਾਲ ਕਰੋ:
1 250 319 7263



# ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ

ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235
ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ



Mega
Sanjha Punjab
GROCERY STORE

ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।

Mega Sanjha Punjab





5 LOCATIONS TO SERVE YOU

| | | | | |
|---|---|---|---|---|
| 331-3690 WESTWINDS DR NE, CALGARY | 117 7171 80 AVE NE, CALGARY | 570- 6520 FALCONRIDGE BLVD. NE, CALGARY | 606 CITYSCAPE SQR NE, CALGARY | 3150 - 235 RED EMBERS WAY NE, CALGARY |

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ

2 FOR 1 PIZZA HOUSE
HOUSE OF TASTE & QUALITY



Please advise us of any food allergies

ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000

2 For 1 Pizza
House Franchise
Application

"GREAT FOOD,
GREAT PRICE,
GREAT QUALITY!!"

Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary

info@2for1pizzahouse.com
www.2for1pizzahouse.com

We are proud to serve in Edmonton with 6 locations!

| | | |
|---|---|---|
| CALGARY<br>#123, 55 Westwinds Cres NE,<br>Calgary, AB T3J 5H2<br>Tel: 403-285-9000 | STONEGATE - CALGARY<br>#112, 2550 Country Hills Blvd NE,<br>Calgary, AB T3N 1E4<br>Tel: 403-818-9000 | NOLAN HILL - CALGARY<br>#155, 50 Nolanridge Crt NW<br>Calgary, AB<br>Tel: 403-300-2442 |
| CHESTERMERE<br>#101-288 Kinniburg BLVD<br>Chestermere (AB)<br>Tel: 403 250 9009 | EDMONTON<br>#3747 – 8th Ave SW,<br>Edmonton, AB T6X 1A4<br>Tel: 780-250-9009 | EDMONTON<br>#3050, 106 St NW,<br>Edmonton, AB T6J 5M5<br>Tel: 780-540-9900 |

BHINDER EXTERIORS LTD.

# BHINDER EXTERIOR

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ
ਸਾਈਡਿੰਗ ਚੇਂਜ
ਕਰਕੇ ਸਟੱਕੋ
ਵੀ ਕਰਵਾ ਸਕਦੇ ਹੋ



ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।





*All kind of Exterior Service*

* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

**Call: 403 680 0436**
**Email: sandeeptoor72@gmail.com**